03.10.2022/2.00/ਹਰਪ੍ਰੀਤ ਸਿੰਘ/ਸ਼ੁਭਮ ਜੈਨ

## PUNJAB VIDHAN SABHA

*Monday, the 03rd October, 2022*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Sardar Kultar Singh Sandhwan) in the Chair.*

---

## CALLING ATTENTION NOTICES UNDER RULE 66

**ਮਾਨਯੋਗ ਸਪੀਕਰ :** ਵਾਹਿਗੁਰੂ ਜੀ। ਧਿਆਨ ਦਿਵਾਊ ਨੋਟਿਸ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਪਹਿਲਾਂ ਜ਼ੀਰੋ ਆਵਰ ਹੁੰਦਾ ਹੈ ਜੀ।

**ਮਾਨਯੋਗ ਸਪੀਕਰ:** ਜ਼ੀਰੋ ਆਵਰ ਬਾਅਦ ਵਿਚ ਲੈ ਲਵਾਂਗੇ।

## SERIAL NO. 5

**ਮਿਸ ਨਰਿੰਦਰ ਕੌਰ ਭਰਾਜ:** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਕਿ ਅਰਥਾਤ ਰਾਜ ਵਿਚ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਵਿਚ ਫਾਇਰ ਟੈਂਡਰਸ ਦੀਆਂ ਗੱਡੀਆਂ ਸਰਕਾਰ ਦੁਆਰਾ ਦਿੱਤੀਆਂ ਗਈਆਂ ਹਨ ਪਰ ਉਹ ਗੱਡੀਆਂ ਫਾਇਰ ਸਟੇਸ਼ਨਾਂ ਤੇ ਵੈਸੇ ਹੀ ਖੜ੍ਹੀਆਂ ਹਨ ਕਿਉਂਕਿ ਉਨ੍ਹਾਂ ਲਈ ਲੋੜੀਂਦਾ ਸਟਾਫ ਨਹੀਂ ਦਿੱਤਾ ਗਿਆ ਅਤੇ ਨਾ ਹੀ ਲੋੜੀਂਦੇ ਸਟਾਫ ਦੀ ਭਰਤੀ ਲਈ ਕੋਈ ਕਦਮ ਚੁੱਕੇ ਗਏ ਹਨ। ਨਤੀਜੇ ਵੱਜੋਂ ਕਿਸੇ ਅੱਗ ਲੱਗਣ ਦੀ ਦੁਰਘਟਨਾ ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਹਾਲ ਹੀ ਵਿੱਚ ਲੁਧਿਆਣਾ ਵਿਖੇ ਫੈਕਟਰੀ ਨੂੰ ਅੱਗ ਲੱਗ ਗਈ ਸੀ ਅਤੇ ਫਾਇਰ ਵਿਭਾਗ ਦੇ ਕਰਮਚਾਰੀਆਂ ਪਾਸ ਫਾਇਰ-ਪਰੂਫ ਜੈਕਟਾਂ ਜਾਂ ਹੋਰ ਲੋੜੀਂਦਾ ਸਮਾਨ ਨਹੀਂ ਸੀ ਜਿਸ ਦੇ ਸਿੱਟੇ ਵੱਜੋਂ ਫਾਇਰ ਵਿਭਾਗ ਦੇ ਕਈ ਕਰਮਚਾਰੀ ਮੌਤ ਦੇ ਸ਼ਿਕਾਰ ਹੋ ਗਏ। ਲੋਕਾਂ ਵਿਚ ਅਤੇ ਫਾਇਰ ਵਿਭਾਗ ਦੇ ਕਰਮਚਾਰੀਆਂ ਵਿਚ ਬੜੀ ਹਾ-ਹਾ ਕਾਰ ਮਚੀ ਹੋਈ ਹੈ ਕਿ ਇਸ ਸਬੰਧੀ ਫਾਇਰ ਵਿਭਾਗ ਦੇ ਕਰਮਚਾਰੀਆਂ ਨੂੰ ਲੋੜੀਂਦਾ ਸਾਜੋ-ਸਮਾਨ ਨਾ ਦੇਣਾ ਅਤੇ ਫਾਇਰ ਅਮਲੇ ਦੀ ਘਾਟ ਅਜਿਹੀਆਂ ਦੁਰਘਟਨਾਵਾਂ ਦੇ ਵੱਡੇ ਕਾਰਨ ਹਨ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਥਾਨਕ ਸਰਕਾਰਾਂ ਸਬੰਧੀ ਮੰਤਰੀ ਸਦਨ ਵਿਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**ਸਥਾਨਕ ਸਰਕਾਰ ਮੰਤਰੀ (ਡਾਕਟਰ ਇੰਦਰਬੀਰ ਸਿੰਘ ਨਿੱਜਰ):** ਸਪੀਕਰ ਸਾਹਿਬ, ਸਾਡੇ ਕੋਲ ਪੰਜਾਬ ਵਿਚ 69 ਫਾਇਰ ਸਟੇਸ਼ਨ ਮੌਜੂਦ ਹਨ, ਜਿਨ੍ਹਾਂ ਵਿਚ 1042 ਫਾਇਰਮੈਨ ਅਤੇ 359 ਫਾਇਰ ਡਰਾਈਵਰ ਰੈਗੂਲਰ ਅਤੇ ਟੈਂਪਰੇਰੀ ਤੌਰ ਤੇ ਕੰਮ ਕਰ ਰਹੇ ਹਨ। ਅਸੀਂ ਹੁਣ ਇਹ ਪ੍ਰਪੋਜ਼ਲ ਰੱਖੀ ਹੈ ਕਿ ਇਹ ਕਰਮਚਾਰੀ ਟੈਂਪਰੇਰੀ ਤੌਰ ਤੇ ਨਾ ਰੱਖੀਏ ਅਤੇ ਪੱਕੇ ਤੌਰ ਤੇ ਭਰਤੀ ਕੀਤੇ ਜਾਣ ਕਿਉਂਕਿ ਅੱਗ ਬੁਝਾਉਣ ਦਾ ਕੰਮ ਬੜਾ ਖਤਰਨਾਕ ਹੈ। ਸੋ, ਅਸੀਂ ਪ੍ਰਪੋਜ਼ਲ ਬਣਾ ਲਈ ਹੈ ਅਤੇ ਅਸੀਂ 991 ਫਾਇਰਮੈਨ ਅਤੇ 326 ਡਰਾਈਵਰ ਭਰਤੀ ਕਰਨ ਵਾਸਤੇ ਜਲਦ ਹੀ ਐਸ.ਐਸ.ਐਸ.ਬੋਰਡ ਨੂੰ ਲਿਖ ਰਹੇ ਹਾਂ ਅਤੇ ਇਹ ਭਰਤੀਆਂ ਜਲਦੀ ਸ਼ੁਰੂ ਹੋ ਜਾਣਗੀਆਂ। ਮੈਂ ਇਕ ਗੱਲ ਹੋਰ ਦੱਸ ਦਿਆਂ ਕਿ ਜਿਹੜੇ ਸਾਡੇ ਟੈਂਪਰੇਰੀ ਫਾਇਰਮੈਨ ਹੁੰਦੇ ਹਨ, ਉਨ੍ਹਾਂ ਨੂੰ ਬੜੀ ਲਿਮਟਿਡ ਜਿਹੀ ਟ੍ਰੇਨਿੰਗ ਦੇ ਕੇ ਕੰਮ ਤੇ ਲਗਾ ਦਿੱਤਾ ਜਾਂਦਾ ਹੈ, ਜੋ ਕਿ ਆਈਡੀਅਲ ਨਹੀਂ ਹੈ। ਰੈਗੂਲਰ ਬੰਦਿਆਂ ਨੂੰ ਟ੍ਰੇਨਿੰਗ ਵਾਸਤੇ ਨਾਗਪੁਰ ਭੇਜਣਾ ਪੈਂਦਾ ਹੈ ਪਰ ਹੁਣ ਅਸੀਂ ਲਾਲੜੂ ਵਿਚ ਇਕ ਜ਼ਮੀਨ ਈਅਰਮਾਰਕ ਕਰ ਲਈ ਹੈ। ਅਸੀਂ ਉੱਥੇ ਇਕ ਇੰਸਟੀਚਿਊਟ ਬਣਾਉਣਾ ਚਾਹੁੰਦੇ ਹਾਂ ਜਿੱਥੇ ਫਾਇਰਮੈਨ ਟ੍ਰੇਨਡ ਕੀਤੇ ਜਾਣਗੇ। ਇਸ ਵਿਚ ਸਿਰਫ ਸਾਡੇ ਫਾਇਰਮੈਨ ਹੀ ਟ੍ਰੇਨਿੰਗ ਨਹੀਂ ਲੈਣਗੇ ਸਗੋਂ ਪ੍ਰਾਈਵੇਟ ਬਿਲਡਿੰਗਾਂ ਵਿਚ ਰੱਖੇ ਗਏ ਫਾਇਰ ਸੇਫਟੀ ਅਫਸਰਾਂ ਨੂੰ ਵੀ ਟ੍ਰੇਨਿੰਗ ਦਿੱਤੀ ਜਾਵੇਗੀ। ਦੂਜੀ ਗੱਲ ਸਾਡੇ ਕੋਲ ਇਸ ਵੇਲੇ 315 ਫਾਇਰ ਵਹੀਕਲ ਹਨ, ਜਿਸ ਵਿਚੋਂ 72 ਵਹੀਕਲ ਅਸੀਂ ਇਸ ਸਾਲ ਲਏ ਹਨ। ਸਾਡੇ ਕੋਲ 69 ਹਾਈਡ੍ਰੋਲਿਕ ਟੂਲ ਹਨ, ਜਿਸ ਨਾਲ ਅਸੀਂ ਕੰਧ ਪਾੜ ਕੇ ਅੰਦਰ ਜਾ ਸਕਦੇ ਹਾਂ, ਜਿਸ ਵਿੱਚੋਂ 45 ਟੂਲ ਅਸੀਂ ਇਸ ਸਾਲ ਹੀ ਲਏ ਹਨ। ਇਸ ਤੋਂ ਇਲਾਵਾ ਫਾਇਰ ਐਂਟਰੀ ਜੈਕਟ ਜਿਸ ਨੂੰ ਪਾ ਕੇ ਅਸੀਂ ਅੱਗ ਵਿਚ ਖੜ੍ਹੇ ਹੋ ਸਕਦੇ ਹਾਂ, ਇਹ ਸਾਡੇ ਕੋਲ 42 ਹਨ, ਜਿਸ ਵਿਚੋਂ 40 ਇਸ ਸਾਲ ਲਏ ਹਨ। ਸਾਡੇ ਕੋਲ ਫਾਇਰ ਪ੍ਰੋਕਸੀਮਿਟੀ ਸੂਟ 141 ਹਨ, ਜਿਸ ਵਿਚੋਂ 110 ਇਸ ਸਾਲ ਲਏ ਹਨ। ਬਾਕੀ ਸਮਾਨ ਵੀ ਅਸੀਂ ਨਾਲੋ-ਨਾਲ ਖਰੀਦ ਰਹੇ ਹਾਂ। ਸਾਡੀ ਕੋਸ਼ਿਸ਼ ਰਹੇਗੀ ਕਿ ਜਿਹੜਾ ਟੈਂਪਰੇਰੀ ਸਟਾਫ ਹੈ, ਉਨ੍ਹਾਂ ਨੂੰ ਵੀ ਅਸੀਂ ਆਪਣੇ ਨਾਲ ਹੀ ਰੱਖਾਂਗੇ। ਇਸ ਤੋਂ ਇਲਾਵਾ 991 ਫਾਇਰਮੈਨ ਅਤੇ 326 ਫਾਇਰ ਡਰਾਈਵਰ ਨਵੇਂ ਭਰਤੀ ਕਰਨ ਜਾ ਰਹੇ ਹਾਂ। ਲੁਧਿਆਣਾ ਦਾ ਜਿਹੜਾ ਹਾਦਸਾ ਹੋਇਆ ਸੀ, ਉਹ ਮਿਤੀ 20.11.2017 ਵਿਚ ਹੋਇਆ ਸੀ, ਉਹ ਹਾਦਸਾ ਇਸ ਲਈ ਨਹੀਂ ਸੀ ਹੋਇਆ ਕਿ ਫਾਇਰ ਜੈਕਟਾਂ ਨਹੀਂ ਸੀ, ਸਗੋਂ ਇਸ ਕਰਕੇ ਹੋਇਆ ਸੀ ਕਿ ਚਾਰ ਮੰਜ਼ਿਲਾ ਫੈਕਟਰੀ ਦੀ ਬਿਲਡਿੰਗ ਡਿੱਗ ਪਈ ਸੀ ਅਤੇ ਜਿਹੜੇ ਫਾਇਰ ਮੈਨ ਅੰਦਰ ਸੀ, ਉਹ ਦੱਬ ਕੇ ਪੂਰੇ ਹੋ ਗਏ ਸੀ। ਸੋ, ਹੁਣ ਅਸੀਂ ਇਕ ਟਰਨ ਟੇਬਲ ਗੱਡੀ ਵੀ ਖਰੀਦ ਰਹੇ ਹਾਂ, ਜਿਸ ਰਾਹੀਂ ਅਸੀਂ ਕਾਫੀ ਉੱਚਾ ਜਾ ਸਕਦੇ ਹਾਂ, ਜਿਸ ਦੀ ਹਾਈਟ 55 ਮੀਟਰ (ਲਗਭੱਗ 160 ਫੁੱਟ) ਦੇ ਕਰੀਬ ਹੁੰਦੀ ਹੈ। ਉਹ ਅਸੀਂ ਜਰਮਨੀ ਤੋਂ ਆਰਡਰ ਕਰ ਦਿੱਤੀ ਹੈ।

ਅ.ਕ/ਸ਼.ਜ/2.05/3.10.2022

ਸਾਡੇ ਕੋਲ ਆਲਰੇਡੀ ਇੱਕ ਗੱਡੀ ਜਿਸ ਨੂੰ Bronto sky lift ਕਹਿੰਦੇ ਹਾਂ, PUDA ਵਾਲਿਆਂ ਕੋਲ ਹੈ, ਉਹ ਅਸੀਂ ਵਰਤ ਰਹੇ ਹਾਂ, ਮੋਹਾਲੀ ਅਤੇ ਜ਼ੀਰਕਪੁਰ ਵਿੱਚ ਖੜ੍ਹੀ ਕੀਤੀ ਹੋਈ ਹੈ। ਜਿਹੜੀ ਗੱਡੀ ਬਾਹਰੋਂ ਆਏਗੀ ਉਹ ਲੁਧਿਆਣਾ ਜਾਏਗੀ ਕਿਉਂਕਿ ਲੁਧਿਆਣਾ ਬਹੁਤ high rise buildings ਹਨ। ਇਸ ਤੋਂ ਇਲਾਵਾ ਜਿਹੜੇ-ਜਿਹੜੇ ਵੀ ਸਮਾਨ ਦੀ ਲੋੜ ਹੈ, ਉਹ ਅਸੀਂ ਮੁਹੱਈਆ ਕਰਵਾਈ ਜਾਵਾਂਗੇ।

**ਮਿਸ ਨਰਿੰਦਰ ਕੌਰ ਭਰਾਜ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ, ਖਾਸ ਤੌਰ ਤੇ ਪੰਜਾਬ ਦੇ ਜਿਹੜੇ ਛੋਟੇ ਵਪਾਰੀ ਹਨ, ਜਿਨ੍ਹਾਂ ਦਾ ਕਈ ਵਾਰ ਅੱਗ ਲੱਗਣ ਕਾਰਨ ਨੁਕਸਾਨ ਹੋ ਜਾਂਦਾ ਹੈ, ਕੀ ਉਨ੍ਹਾਂ ਨੂੰ ਮੁਆਵਜ਼ਾ ਦੇਣ ਲਈ ਕੋਈ ਪ੍ਰੋਵੀਜ਼ਨ ਹੈ, ਜਿਸ ਦੇ ਰਾਹੀਂ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾ ਸਕਦਾ ਹੋਵੇ। ਦੂਸਰਾ, ਮੈਂ ਪੁੱਛਣਾ ਚਾਹੁੰਦੀ ਹਾਂ ਕਿ fire brigade ਦੇ ਜਿਹੜੇ ਮੁਲਾਜ਼ਮ ਕਰਮਚਾਰੀ ਹਨ, ਉਨ੍ਹਾਂ ਦੀ ਭਰਤੀ ਤਾਂ ਹੋ ਜਾਂਦੀ ਹੈ ਪਰ ਤਨਖਾਹਾਂ ਲੋਕਲ ਕਮੇਟੀ ਜਾਂ ਮਿਉਂਸਿਪਲ ਕਮੇਟੀ ਵਾਲੇ ਦਿੰਦੇ ਹਨ। ਕਈ ਕਮੇਟੀਆਂ ਤਾਂ ਇਸ ਤਰ੍ਹਾਂ ਦੀਆਂ ਹਨ ਜਿਹੜੀਆਂ ਤਨਖਾਹਾਂ ਨਹੀਂ ਦੇ ਸਕਦੀਆਂ ਹਨ। ਸਟਾਫ ਦੇ ਵਿੱਚ ਇਸ ਨਾਲ ਦਿੱਕਤ ਆਉਂਦੀ ਹੈ, ਉਨ੍ਹਾਂ ਦੇ ਲਈ ਅਸੀਂ ਕੀ ਵਿਚਾਰ ਕਰ ਰਹੇ ਹਾਂ?

**ਸਥਾਨਕ ਸਰਕਾਰ ਮੰਤਰੀ:** ਸਪੀਕਰ ਸਾਹਿਬ, ਇਹ ਸੱਚੀ ਗੱਲ ਹੈ ਕਿ ਕਈ ਕਮੇਟੀਆਂ ਦੀ financial health ਬਹੁਤ ਮਾੜੀ ਹੈ, ਕਈ ਜਗ੍ਹਾ ਤਨਖਾਹਾਂ ਦੇਣੀਆਂ ਬੜੀਆਂ ਔਖੀਆਂ ਹੁੰਦੀਆਂ ਹਨ । ਇਸ ਕਰਕੇ ਅਸੀਂ ਇਹ ਵੀ ਸੋਚ ਰਹੇ ਹਾਂ ਕਿ ਕੋਈ Central fund create ਹੋ ਜਾਵੇ ਜਿਸ ਦੇ ਨਾਲ ਇਨ੍ਹਾਂ ਦੀਆਂ ਤਨਖਾਹਾਂ ਦਿੱਤੀਆਂ ਜਾ ਸਕਣ ਖਾਸ ਤੌਰ ਤੇ ਜਿਵੇਂ ਡੇਰਾ ਬਾਬਾ ਨਾਨਕ ਹੈ ਆਦਿ ਜਿੱਥੇ ਕਿ fire brigade ਰੱਖਣੀ ਵੀ ਬਹੁਤ ਲਾਜ਼ਮੀ ਹੈ ਲੇਕਿਨ ਉਥੇ ਕਮੇਟੀ ਕੋਲ ਬਿਲਕੁਲ ਵੀ ਕੋਈ ਪੈਸਾ ਦੇਣ ਨੂੰ ਨਹੀਂ ਹੈ। ਇਨ੍ਹਾਂ ਦੀ ਪ੍ਰਪੋਜ਼ਲ ਬਿਲਕੁਲ ਠੀਕ ਹੈ, ਅਸੀਂ ਇਸ ਤੇ ਵਿਚਾਰ ਕਰ ਰਹੇ ਹਾਂ। ਦੂਜੀ ਗੱਲ, ਜਿਹੜੀ ਇਨ੍ਹਾਂ ਨੇ ਕੀਤੀ ਹੈ ਕਿ ਕਿਸੇ ਦਾ ਜਾਨੀ ਨੁਕਸਾਨ ਹੋ ਜਾਂਦਾ ਹੈ ਜਾਂ ਕਿਸੇ ਦਾ ਮਾਲੀ ਨੁਕਸਾਨ ਹੋ ਜਾਂਦਾ ਹੈ, ਉਸ ਦੇ ਵਿੱਚ ਡੀ.ਸੀ. ਕੋਲ ਫੰਡ ਹੁੰਦੇ ਹਨ ਜਾਂ ਸੀ.ਐਮ ਸਾਹਿਬ ਕੋਲ ਫੰਡ ਹੁੰਦੇ ਹਨ, ਉਸ ਵਿੱਚੋਂ ਉਨ੍ਹਾਂ ਨੂੰ ਦਿੱਤਾ ਜਾ ਸਕਦਾ ਹੈ।

**ਸ਼੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ:** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ ।

**ਮਾਨਯੋਗ ਸਪੀਕਰ:** ਕਾਲ ਅਟੈਨਸ਼ਨ ਤੇ ਇਸ ਤਰ੍ਹਾਂ ਨਹੀਂ ਹੁੰਦਾ ਹੈ। ਜਿਨ੍ਹਾਂ ਦੀ call attention ਹੁੰਦੀ ਹੈ, ਉਨ੍ਹਾਂ ਨੂੰ ਹੀ ਮੌਕਾ ਮਿਲਦਾ ਹੈ। ਠੀਕ ਹੈ, ਤੁਸੀਂ ਦੱਸੋ।

**ਸ਼੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ:** ਮਾਨਯੋਗ ਸਪੀਕਰ ਸਾਹਿਬ, Civil line Area, Amritsar ਦੇ ਵਿੱਚ ਇੱਕ fire brigade ਦੀ ਸਥਾਪਨਾ ਕੀਤੀ ਜਾਵੇ। ਪਿੱਛੇ ਮੈਡੀਕਲ ਕਾਲਜ ਦੇ ਵਿੱਚ ਅੱਗ ਲੱਗ ਗਈ ਸੀ,

ਬਹੁਤ ਜ਼ਿਆਦਾ ਨੁਕਸਾਨ ਹੋ ਗਿਆ ਸੀ। ਇਸ ਕਰਕੇ Civil Line Area, Amritsar ਦੇ ਵਿੱਚ ਇੱਕ fire brigade ਦੀ ਬਹੁਤ ਜ਼ਿਆਦਾ ਲੋੜ ਹੈ ਜੀ। ਧੰਨਵਾਦ।

-------

## SERIAL NO. 14

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਅਰਥਾਤ ਰਾਜ ਵਿੱਚ ਅਵਾਰਾ ਅਤੇ ਖ਼ੂੰਖਾਰ ਕੁੱਤਿਆਂ ਦੁਆਰਾ ਬਜ਼ੁਰਗਾਂ, ਔਰਤਾਂ ਅਤੇ ਖਾਸ ਕਰਕੇ ਬੱਚਿਆਂ ਨੂੰ ਵੱਢਣ ਦੇ ਪ੍ਰਤੀ ਬਹੁਤ ਸਾਰੇ ਮਾਮਲੇ ਧਿਆਨ ਵਿੱਚ ਆ ਰਹੇ ਹਨ। ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਦਾ ਵੇਲੇ ਕੁਵੇਲੇ ਘਰਾਂ ਵਿੱਚੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਰਾਜ ਵਿੱਚ ਹਰ ਰੋਜ਼ ਕੁੱਤਿਆਂ ਦੇ ਕੱਟਣ ਦੇ ਲਗਭਗ ਢਾਈ ਸੌ ਕੇਸ ਆਉਂਦੇ ਹਨ। ਇਹ ਅੰਕੜੇ ਅੱਧੇ-ਪੱਕੇ ਹੋ ਸਕਦੇ ਹਨ। ਕਿਉਂ ਜੋ ਬਹੁਤ ਸਾਰੇ ਲੋਕ ਰਿਪੋਰਟ ਹੀ ਨਹੀਂ ਕਰਦੇ । ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਸਥਿਤੀ ਇਸ ਤੋਂ ਕਿਤੇ ਜ਼ਿਆਦਾ ਚਿੰਤਾਜਨਕ ਹੈ।

ਜਿੱਥੇ ਕਿਤੇ ਕੁੱਤਿਆਂ ਦੁਆਰਾ ਵੱਢੇ ਜਾਣ ਵਾਲੇ ਪੀੜਤ ਲੋਕ ਹਸਪਤਾਲਾਂ ਤੋਂ ਇਲਾਜ ਕਰਵਾਉਣ ਲਈ ਜਾਂਦੇ ਹਨ ਉੱਥੇ ਲੋੜੀਂਦੇ ਟੀਕੇ, ਵੈਕਸੀਨ ਅਤੇ ਢੁੱਕਵੇਂ ਇਲਾਜ ਦੀ ਘਾਟ ਹੁੰਦੀ ਹੈ। ਪੀੜਤਾਂ ਨੂੰ ਅਜਿਹੇ ਕੇਸਾਂ ਵਿੱਚ ਪ੍ਰਾਈਵੇਟ ਇਲਾਜ ਕਰਵਾਉਣਾ ਪੈਂਦਾ ਹੈ ਜੋ ਕਿ ਬਹੁਤ ਹੀ ਮਹਿੰਗਾ ਹੈ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ।

ਇਸ ਲਈ ਮੈਂ ਮੰਗ ਕਰਦਾ ਹਾਂ ਕਿ ਕੁੱਤਿਆਂ ਦੇ ਕੱਟਣ ਅਤੇ ਇਨ੍ਹਾਂ ਦੀ ਵੱਧ ਰਹੀ ਸੰਖਿਆ ਨੂੰ ਨੱਥ ਪਾਉਣ ਲਈ ਸਰਕਾਰ ਅਸਰਦਾਰ ਉਪਰਾਲੇ ਕਰੇ ਅਤੇ ਸਰਕਾਰੀ ਹਸਪਤਾਲਾਂ ਵਿੱਚ ਕੁੱਤਿਆਂ ਦੁਆਰਾ ਵੱਢੇ ਕੇਸਾਂ ਦੇ ਇਲਾਜ ਲਈ ਪੂਰੇ ਅਤੇ ਸਸਤੇ ਇਲਾਜ ਦਾ ਪ੍ਰਬੰਧ ਕੀਤਾ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**ਸਥਾਨਕ ਸਰਕਾਰ ਮੰਤਰੀ (ਡਾਕਟਰ ਇੰਦਰਬੀਰ ਸਿੰਘ ਨਿੱਜਰ):** ਸਪੀਕਰ ਸਾਹਿਬ, ਇਹ ਸੱਚੀ ਗੰਭੀਰ ਮਸਲਾ ਹੈ ਕਿਉਂਕਿ ਕੁੱਤੇ ਬਹੁਤ ਜ਼ਿਆਦਾ ਵੱਧ ਰਹੇ ਹਨ। ਇਹ ਜਿਹੜੀ Urban Local Bodies and Department of Rural Development & Panchayat ਦੇ ਅਧੀਨ Animal Birth Control ਜਿਹੜਾ ਰੂਲ 2001 ਸੀ, ਉਹ Central Government ਨੇ ਨੋਟੀਫਾਈ ਕੀਤਾ ਹੈ ਅਤੇ ਉਹ ਕਾਨੂੰਨ ਕਹਿੰਦਾ ਹੈ ਕਿ the dogs will be sterilized, vaccinated under supervision

of the veterinarians of the hospitals run by the Society of prevention of cruelty to animals, animal welfare organisations or other dog shelters. After necessary period of follow up the dog shall be released at the same place of all localities from where they were captured and the date, time and place of that release shall be recorded.

02.10 / 03.10.2022 ਤਰਲੋਚਨ ਸਿੰਘ /ਅਭਿਸ਼ੇਕ ਗੌਤਮ

ਤੁਹਾਨੂੰ ਯਾਦ ਹੋਵੇਗਾ ਕਿ ਪਹਿਲਾਂ ਤਾਂ strychnine ਪਾ ਕੇ ਕੁੱਤਿਆਂ ਨੂੰ ਖਤਮ ਕਰ ਦਿੱਤਾ ਜਾਂਦਾ ਸੀ। ਲੇਕਿਨ 1960 ਵਿੱਚ Prevention of Cruelty to Animal Act, 1960 ਆਇਆ ਸੀ, ਜਿਸ ਅਧੀਨ ਇੱਕ ਐਨੀਮਲ ਵੈਲਫੇਅਰ ਬੋਰਡ ਬਣਿਆ ਹੈ, ਉਹ ਦੱਸਦਾ ਹੈ ਕਿ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ। ਅਸੀਂ ਕੁੱਤਿਆਂ ਨੂੰ ਨਿਊਟਰਾਈਜ਼ ਨਹੀਂ ਕਰ ਸਕਦੇ, ਇਨ੍ਹਾਂ ਨੂੰ ਮਾਰ ਨਹੀਂ ਸਕਦੇ ਪਰ ਅਸੀਂ ਨਸਬੰਦੀ ਕਰ ਸਕਦੇ ਹਾਂ। ਇਸ ਬਾਰੇ ਵੀ ਬਹੁਤ ਸਖਤ ਕਾਨੂੰਨ ਹਨ। ਕਾਨੂੰਨ ਹੈ ਕਿ ਜਿਹੜਾ ਵੀ ਸੈਂਟਰ ਨਸਬੰਦੀ ਕਰੇਗਾ ਉਸ ਵਿੱਚ ਇੰਨੇ ਵੈਟਰਨਰੀ ਡਾਕਟਰ ਹੋਣੇ ਚਾਹੀਦੇ ਹਨ, ਇੰਨੇ ਹੈਲਪਰ ਹੋਣੇ ਚਾਹੀਦੇ ਹਨ ਅਤੇ ਇੰਨੇ ਫਾਰਮਾਸਿਸਟ ਚਾਹੀਦੇ ਹਨ। ਇਹ ਦੋ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਜਾਂ ਤਾਂ ਸਰਕਾਰੀ ਅਦਾਰੇ ਕਰਨ, ਜਿਵੇਂ ਕਿ ਸਰਕਾਰੀ ਵੈਟਰਨਰੀ ਹਸਪਤਾਲ ਹਨ। ਪਰੰਤੂ ਇਸ ਵਿੱਚ ਸਮੱਸਿਆ ਇਹ ਹੈ ਕਿ ਸਰਜਨ ਬਹੁਤ ਘੱਟ ਹਨ। ਜਿਵੇਂ ਕਿ ਅੰਮ੍ਰਿਤਸਰ ਵਿੱਚ ਵੇਰਕਾ ਵਿਖੇ ਇੱਕ ਹਸਪਤਾਲ ਹੈ, ਪੌਲੀ ਕਲੀਨਿਕ ਹੈ, ਜਿੱਥੇ ਸਰਜਨ ਆਉਂਦਾ ਹੈ ਪਰੰਤੂ ਉਸ ਕੋਲ ਬਾਕੀ ਕੰਮ ਹੀ ਨਹੀਂ ਪੂਰਾ ਹੁੰਦਾ। ਵੈਸੇ ਵੀ ਕਾਨੂੰਨ ਬਹੁਤ ਸਖਤ ਹਨ। ਕਾਨੂੰਨ ਅਨੁਸਾਰ ਕੁੱਤਾ ਪਕੜਨਾ ਹੈ, ਹਿਊਮਨ ਤਰੀਕੇ ਨਾਲ ਪਕੜ ਕੇ ਉਸ ਦੀ ਨਸਬੰਦੀ ਕਰਨੀ ਹੈ ਅਤੇ ਚਾਰ ਦਿਨ ਖੁਰਾਕ ਅਤੇ ਦਵਾਈਆਂ ਦੇਣੀਆਂ ਹਨ। ਇਸ ਤੋਂ ਬਾਅਦ ਉਸੇ ਗਲੀ ਮੁਹੱਲੇ ਵਿੱਚ ਦੁਬਾਰਾ ਛੱਡ ਕੇ ਆਉਣਾ ਪੈਂਦਾ ਹੈ। ਜੇਕਰ ਕਿਤੇ ਹੋਰ ਛੱਡਿਆ ਜਾਵੇ ਤਾਂ ਉਹ ਉਸ ਕੁੱਤੇ ਦੀ ਟੈਰੇਟਰੀ ਨਹੀਂ ਹੁੰਦੀ ਅਤੇ ਦੂਜੇ ਕੁੱਤੇ ਉਸ ਨੂੰ ਐਕਸੈਪਟ ਨਹੀਂ ਕਰਦੇ ਅਤੇ ਮਾਰ ਦਿੰਦੇ ਹਨ। ਸੋ, ਇਸ ਕਰਕੇ ਇਹ ਮਸਲਾ ਬੜਾ ਪੇਚੀਦਾ ਹੈ।

ਦੂਜੀ ਗੱਲ, ਇਹ ਹੈ ਕਿ ਜਿਹੜੀ ਵੀ ਜਥੇਬੰਦੀ ਇਹ ਕੰਮ ਕਰਨਾ ਚਾਹੁੰਦੀ ਹੈ, ਉਸ ਨੂੰ ਐਨੀਮਲ ਵੈਲਫੇਅਰ ਬੋਰਡ ਕੋਲ ਜਾ ਕੇ ਪਰਮਿਸ਼ਨ ਲੈਣੀ ਪੈਂਦੀ ਹੈ। ਉਨ੍ਹਾਂ ਨਾਲ ਪਹਿਲਾਂ ਟਾਈਅੱਪ ਕਰਨਾ ਪੈਂਦਾ ਹੈ। ਇਸ ਤੋਂ ਬਾਅਦ ਉਹ ਸਾਡੇ ਕੋਲ ਆਉਂਦੇ ਹਨ। ਜਦੋਂ ਲੋਕਲ ਬਾਡੀਜ਼ ਟੈਂਡਰ ਕੱਢਦੀਆਂ ਹਨ ਤਾਂ ਉਹ ਅਪਲਾਈ ਕਰਦੇ ਹਨ, ਜੇਕਰ ਉਹ ਐਫੀਲਿਏਟਡ ਹੋਣ ਤਾਂ ਅਸੀਂ ਟੈਂਡਰ ਦੇ ਦਿੰਦੇ ਹਾਂ। ਅਸੀਂ ਉਨ੍ਹਾਂ ਨੂੰ ਪ੍ਰਤੀ ਕੁੱਤਾ 1000-1200 ਰੁਪਏ ਦੇ ਕਰੀਬ ਦਿੰਦੇ ਹਾਂ। ਸੋ, ਇਹ ਕੰਮ ਚੱਲ ਰਿਹਾ ਹੈ। ਅਸੀਂ ਚਾਰ ਸੈਂਟਰ ਬਹੁਤ ਸੋਹਣੇ ਬਣਾ ਲਏ ਹਨ। ਇਹ ਲੁਧਿਆਣਾ, ਅੰਮ੍ਰਿਤਸਰ, ਜ਼ੀਰਕਪੁਰ ਅਤੇ ਮੋਗਾ ਵਿਖੇ ਬਣਾਏ ਹਨ।

ਇੱਥੇ ਕੰਮ ਵੀ ਚੱਲ ਰਿਹਾ ਹੈ। ਸਮੱਸਿਆ ਇਹ ਹੈ ਕਿ ਬਹੁਤ ਸਾਰੀਆਂ ਲੋਕਲ ਬਾਡੀਜ਼ ਨੂੰ ਹੈਲਪ ਕਰਨ ਲਈ ਐਸੋਸੀਏਟਸ ਨਹੀਂ ਮਿਲ ਰਹੇ।

ਇਸ ਵਿੱਚ ਐਨੀਮਲ ਹਸਬੈਂਡਰੀ, ਸਿਹਤ ਵਿਭਾਗ, ਲੋਕਲ ਗੌਰਮਿੰਟ ਅਤੇ ਪੰਚਾਇਤੀ ਰਾਜ ਚਾਰ ਮਹਿਕਮੇ ਇਨਵਾਲਵ ਹਨ। ਸੋ, ਅਸੀਂ ਇਹ ਵੀ ਪਲਾਨ ਕਰ ਰਹੇ ਹਾਂ ਕਿ ਇਸ ਬਹੁਤ ਹੀ ਪੇਚੀਦਾ, ਸੀਰੀਅਸ ਮਸਲੇ ਤੇ ਇਕੱਠੇ ਕੰਮ ਕਰੀਏ। ਅਸੀਂ ਇਸ ਪ੍ਰਤੀ ਬਹੁਤ ਸੀਰੀਅਸ ਹਾਂ।

ਦੂਜੀ ਗੱਲ, ਤੁਸੀਂ ਦਵਾਈਆਂ ਬਾਰੇ ਦੱਸੀ ਹੈ। ਇਸ ਬਾਰੇ ਮੈਨੂੰ ਹੈਲਥ ਮਹਿਕਮੇ ਤੋਂ ਜਵਾਬ ਆਇਆ ਹੈ ਕਿ ਵੈਕਸੀਨਜ਼ ਕਾਫੀ ਮਾਤਰਾ ਵਿੱਚ ਉਪਲਬਧ ਹਨ। ਪਿਛਲੇ ਸਾਲ 1,20,000 ਵਾਇਲਜ਼ ਲੱਗੀਆਂ ਸਨ। ਇਸ ਸਾਲ ਹੁਣ ਤੱਕ 1,10,000 ਦੇ ਲਗਭਗ ਵਾਇਲਜ਼ ਲੱਗੀਆਂ ਹਨ। ਇਹ ਕਾਫੀ ਮਾਤਰਾ ਵਿੱਚ ਉਪਲਬਧ ਹਨ ਅਤੇ ਕਮਿਊਨਿਟੀ ਹੈਲਥ ਸੈਂਟਰ ਤੱਕ ਪਹੁੰਚ ਰਹੀਆਂ ਹਨ। ਐਂਟੀ ਰੇਬੀਜ਼ ਵੈਕਸੀਨ ਉਪਲਬਧ ਹੈ। ਜਿਹੜੀ ਵੀ ਕਿਸੇ ਹੋਰ ਦਵਾਈ ਦੀ ਲੋੜ ਪੈਂਦੀ ਹੈ, ਉਹ ਸਾਡੇ ਕੋਲ ਲੋੜੀਂਦੀ ਮਾਤਰਾ ਵਿੱਚ ਉਪਲਬਧ ਹੈ। ਸੋ, ਇਸ ਵਿੱਚ ਕੋਈ ਮੁਸ਼ਕਿਲ ਨਹੀਂ ਆਉਣੀ ਚਾਹੀਦੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਰ, ਇਹ ਜਿਹੜਾ ਮਸਲਾ ਹੈ, ਇਹ ਕਿਸੇ ਪਾਰਟੀ ਜਾਂ ਧਰਮ ਦਾ ਮਸਲਾ ਨਹੀਂ ਹੈ। ਇਹ ਆਮ ਲੋਕਾਂ ਦਾ ਮਸਲਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਸੰਸਾਰ ਵਿੱਚ ਹਰ ਸਾਲ ਕਰੀਬ 60,000 ਲੋਕ ਹਲਕਾਅ ਕਾਰਨ ਮਾਰੇ ਜਾਂਦੇ ਹਨ। ਬਦਕਿਸਮਤੀ ਹੈ ਕਿ ਵਨ ਥਰਡ, ਕਰੀਬ 20,000 ਹਜ਼ਾਰ ਲੋਕ ਸਾਡੇ ਦੇਸ਼ ਵਿੱਚ ਮਰਦੇ ਹਨ ਜਦੋਂ ਕਿ ਅਤਿਵਾਦ ਪ੍ਰਭਾਵਿਤ ਖੇਤਰ ਵਿੱਚ ਵੀ ਇੱਕ ਸਾਲ ਵਿੱਚ 20,000 ਲੋਕ ਨਹੀਂ ਮਰਦੇ। ਮੈਂ ਸਮਝਦਾ ਹਾਂ ਕਿ ਇਸ ਤੇ ਸਾਨੂੰ ਸਰਕਾਰਾਂ ਨੂੰ ਬੜਾ ਗੌਰ ਕਰਨਾ ਚਾਹੀਦਾ ਹੈ। ਕੁੱਤਾ ਜਦੋਂ ਵੱਢਦਾ ਹੈ ਤਾਂ ਇਕੱਲੀ ਮੌਤ ਹੀ ਨਹੀਂ ਹੁੰਦੀ ਸਗੋਂ ਕਈ ਵਾਰ ਡਿਸਏਬਿਲਿਟੀ ਵੀ ਹੋ ਜਾਂਦੀ ਹੈ। ਕਈ ਐਕਸੈਸਿਵ ਬਲੀਡਿੰਗ ਨਾਲ ਕਿਸੇ ਦੀ ਲੱਤ ਜਾਂ ਬਾਂਹ ਵੱਢੀ ਜਾਂਦੀ ਹੈ। ਸੋ, ਮੇਰੀ ਬੇਨਤੀ ਹੈ ਕਿ ਜਿਹੜਾ ਸਾਲ 2030 ਤੱਕ ਟੀਚਾ ਰੱਖਿਆ ਹੈ ਕਿ to achieve Zero Human Deaths due to Dog bites, ਮੈਨੂੰ ਲੱਗਦਾ ਹੈ ਕਿ ਇਸ ਵਿੱਚ ਸਿਰਫ 7-8 ਸਾਲ ਹੀ ਰਹਿ ਗਏ ਹਨ ਪਰ ਅਸੀਂ ਉਸ ਪਾਸੇ ਵੱਲ ਹਾਲੇ ਤੁਰੇ ਹੀ ਨਹੀਂ ਹਾਂ। ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਕੁੱਤੇ ਹਨ, ਉਨ੍ਹਾਂ ਦੇ ਐਂਟੀ ਰੇਬੀਜ਼ ਵੈਕਸੀਨ ਲਗਾਈ ਜਾਵੇ। ਇਹ ਪਾਸੀਬਲ ਹੈ, ਲਗਾਈ ਜਾ ਸਕਦੀ ਹੈ। ਜੇਕਰ ਅਸੀਂ ਹੋਰ ਪਾਸੇ ਕਰੋੜਾਂ ਰੁਪਏ ਲਗਾ ਸਕਦੇ ਹਾਂ ਤਾਂ ਕੁੱਤਿਆਂ ਨੂੰ ਵੀ ਐਂਟੀ ਰੇਬੀਜ਼ ਇੰਜੈਕਸ਼ਨ ਲਗਾਏ ਜਾ ਸਕਦੇ ਹਨ। ਦੂਜੀ ਗੱਲ, ਨਸਬੰਦੀ ਹੈ। ਮੈਂ ਸਮਝਦਾ ਹਾਂ ਕਿ ਜਿੰਨਾ ਚਿਰ ਇਨ੍ਹਾਂ ਦੀ ਗਿਣਤੀ ਨਹੀਂ ਘਟਾਈ ਜਾਂਦੀ, ਉੱਨਾ ਚਿਰ ਇਹ ਸੰਭਵ ਨਹੀਂ ਹੈ, ਇਹ ਬੜਾ ਔਖਾ ਹੈ। ਸੋ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਨਸਬੰਦੀ ਬਾਰੇ ਕੋਈ ਹੰਭਲਾ ਮਾਰਨ ਦੀ ਕੋਸ਼ਿਸ਼ ਕਰ ਰਹੇ ਹਾਂ?

ਗ.ਕੌ/ਅ.ਗ./ 3-10-2022/2.15

ਜਿੰਨਾ ਚਿਰ ਇਨ੍ਹਾਂ ਦੀ ਗਰੋਥ ਨਹੀਂ ਰੋਕਦੇ ਅਤੇ ਇਨ੍ਹਾਂ ਦਾ ਬਰਥ ਰੇਟ ਕੰਟਰੋਲ ਵਿੱਚ ਨਹੀਂ ਕਰਦੇ ਓਨਾ ਚਿਰ ਇਹ ਸਮੱਸਿਆ ਰਹੇਗੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2030 ਵਿੱਚ ਅਸੀਂ ਜ਼ੀਰੋ ਹਿਊਮਨ ਡੈਥ ਕਰ ਲਵਾਂਗੇ?

**ਸਥਾਨਕ ਸਰਕਾਰ ਮੰਤਰੀ:** ਮੈਂ ਤੁਹਾਨੂੰ on the Floor of the House ਆਸ਼ਵਾਸਨ ਦਿਵਾਉਂਦਾ ਹਾਂ ਕਿ ਇਸ ਮਸਲੇ ਨੂੰ top priority ਤੇ ਰੱਖਾਂਗੇ। ਮੇਰੇ ਫੁੱਫੜ ਜੀ ਦੀ ਵੀ ਇਸ ਸਮੱਸਿਆ ਕਰਕੇ ਡੈੱਥ ਹੋਈ ਸੀ। ਓਹ ਰੇਬਿਜ਼ ਨਾਲ ਹੋਈ ਸੀ। ਇਹ ਅਲੱਗ ਗੱਲ ਹੈ ਕਿ ਉਹ veterinarian ਸੀ। ਉਹ ਪੜ੍ਹੇ-ਲਿਖੇ ਸਨ। ਉਨ੍ਹਾਂ ਨੇ ਟੀਕਾ ਨਹੀਂ ਲਗਵਾਇਆ। ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਟੀਕਾ ਨਹੀਂ ਲਗਵਾਇਆ। ਇਸ ਇਸ਼ੂ ਨੂੰ ਸੀਰੀਅਸਲੀ ਲਵਾਂਗੇ। ਜਿਹੜੀਆਂ ਪੰਚਾਇਤੀ ਰਾਜ ਨੇ ਹਦਾਇਤਾਂ ਦਿੱਤੀਆਂ ਹੋਈਆਂ ਹਨ ਕਿ ਪਿੰਡਾਂ ਦੀਆਂ ਪੰਚਾਇਤਾਂ ਇਕੱਠੀਆਂ ਹੋ ਕੇ ਕੁੱਤਿਆਂ ਨੂੰ ਵੈਕਸੀਨੇਟ ਕਰਵਾਉਣ। ਇਹ ਗੱਲ ਹਾਲੇ ਚੱਲ ਰਹੀ ਹੈ ਲੇਕਿਨ ਤੁਹਾਡੀ ਗੱਲ ਠੀਕ ਹੈ ਕਿ ਇੰਪਲੀਮੈਂਟੇਸ਼ਨ ਦੀ ਲੋੜ ਹੈ। ਮੈਂ ਵੀ across party lines ਹੀ ਗੱਲ ਕਰ ਰਿਹਾ ਹਾਂ। ਇਸ ਮਸਲੇ ਨੂੰ ਸੀਰੀਅਸਲੀ ਲਿਆ ਜਾਵੇਗਾ। ਤੁਸੀਂ ਵੀ ਇਸ ਤੇ ਸਾਡੇ ਨਾਲ ਸਹਿਯੋਗ ਕਰੋ। ਇਸ ਨੂੰ ਪੰਜਾਬ ਦੀ ਕਾਮਨ ਪ੍ਰਾਬਲਮ ਸਮਝੀਏ ਅਤੇ ਰਲ-ਮਿਲ ਕੇ ਇਸ ਸਮੱਸਿਆ ਨੂੰ ਹੱਲ ਕੀਤਾ ਜਾਵੇ। ਸਾਡੇ ਵਾਸਤੇ ਇਹ ਚੈਲੰਜ ਹੋਵੇਗਾ।

-------

**(SERIAL NUMBER 20)**

**ਸਰਦਾਰ ਕੁਲਜੀਤ ਸਿੰਘ ਰੰਧਾਵਾ :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਰਾਜ ਅੰਦਰ, ਖਾਸ ਕਰਕੇ ਮੋਹਾਲੀ, ਪਟਿਆਲਾ, ਫਤਿਹਗੜ੍ਹ ਸਾਹਿਬ ਤੇ ਰੋਪੜ ਜ਼ਿਲ੍ਹੇ ਅੰਦਰ ਝੋਨੇ ਦੀ ਫਸਲ ਉੱਤੇ ਚੀਨੀ ਵਾਇਰਸ (ਡਵਾਰਫ) ਦੇ ਹੋਏ ਹਮਲੇ ਕਾਰਨ ਹਜ਼ਾਰਾਂ ਏਕੜ ਝੋਨੇ ਦੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ ਇਸ ਕਾਰਨ ਸਬੰਧਿਤ ਕਿਸਾਨਾਂ ਦਾ ਬਹੁਤ ਜ਼ਿਆਦਾ ਵਿੱਤੀ ਨੁਕਸਾਨ ਹੋਇਆ ਹੈ। ਸਬੰਧਿਤ ਕਿਸਾਨਾਂ ਵਿੱਚ ਬਹੁਤ ਜ਼ਿਆਦਾ ਚਿੰਤਾ, ਬੇਚੈਨੀ ਅਤੇ ਨਿਰਾਸ਼ਤਾ ਪਾਈ ਜਾ ਰਹੀ ਹੈ। ਕਿਸਾਨ ਆਪਣੀਆਂ ਨੁਕਸਾਨੀ ਝੋਨੇ ਦੀ ਫਸਲ ਬਾਰੇ ਸਰਕਾਰ ਤੋਂ ਵਿੱਤੀ ਮਦਦ ਦੀ ਆਸ ਲਗਾ ਰਹੇ ਹਨ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ (ਸ਼੍ਰੀ ਬ੍ਰਮ ਸ਼ੰਕਰ):** ਬਹੁਤ ਹੀ ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੁਲਜੀਤ ਰੰਧਾਵਾ ਜੀ, ਮਾਨਯੋਗ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਅਤੇ ਯਕੀਨ ਦਿਵਾਉਂਦਾ ਹਾਂ ਕਿ ਮੈਂਬਰ ਸਾਹਿਬ ਨੇ ਜਿਹੜਾ ਮਸਲਾ ਧਿਆਨ ਵਿੱਚ ਲਿਆਂਦਾ ਹੈ ਇਸ ਪ੍ਰਤੀ ਰੈਗੂਲਰ ਗਿਰਦਾਵਰੀ ਚੱਲ ਰਹੀ ਹੈ। ਜਿਵੇਂ ਹੀ ਸਾਡੇ ਕੋਲ ਇਸ ਦੇ ਨਤੀਜੇ ਆਉਣਗੇ ਕਿ ਕਿਸ ਦਾ ਕਿੰਨਾ ਵਿੱਤੀ ਨੁਕਸਾਨ ਹੋਇਆ ਹੈ, ਚਾਹੇ ਨੁਕਸਾਨ ਸੁੰਡੀ ਕਰਕੇ ਹੋਇਆ ਹੈ ਅਤੇ ਚਾਹੇ ਨੁਕਸਾਨ ਬਰਸਾਤ ਕਰਕੇ ਹੋਇਆ ਹੈ ਇਸ ਪ੍ਰਤੀ ਮੁੱਖ ਮੰਤਰੀ ਜੀ ਨੇ ਪਹਿਲਾਂ ਹੀ ਨਿਰਦੇਸ਼ ਦਿੱਤੇ ਸਨ ਕਿ ਜਿਵੇਂ ਹੀ ਕਿਸਾਨਾਂ ਦਾ ਰਿਕਾਰਡ ਸਾਹਮਣੇ ਆਉਂਦਾ ਹੈ ਕਿ ਕਿੰਨਾ ਨੁਕਸਾਨ ਹੋਇਆ ਹੈ, ਸਰਕਾਰ ਵੱਲੋਂ ਉਨ੍ਹਾਂ ਦੀ ਜਲਦ ਤੋਂ ਜਲਦ ਵਿੱਤੀ ਭਰਪਾਈ ਕੀਤੀ ਜਾਵੇਗੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਪੀਕਰ ਸਾਹਿਬ, ਇਸ ਬਿਮਾਰੀ ਨੇ ਮੇਰੇ ਹਲਕੇ ਡੇਰਾਬੱਸੀ, ਮੋਹਾਲੀ ਵਿੱਚ ਹਜ਼ਾਰਾਂ ਏਕੜ ਫਸਲ ਖਰਾਬ ਕਰ ਦਿੱਤੀ ਹੈ। ਕਿਸਾਨਾਂ ਨੇ ਕਿਸ ਤਰ੍ਹਾਂ ਕੀਮਤੀ ਖਾਦ, ਦਵਾਈਆਂ ਪਾ ਪਾ ਕੇ ਆਪਣੀਆਂ ਫਸਲਾਂ ਪੁੱਤਾਂ ਵਾਂਗ ਪਾਲੀਆਂ ਸਨ ਲੇਕਿਨ ਜਦੋਂ ਉਹ ਉਸ ਫਸਲ ਨੂੰ ਤਬਾਹ ਹੋਈ ਵੇਖਦੇ ਹਨ ਤਾਂ ਉਨ੍ਹਾਂ ਦੇ ਚੁੱਲ੍ਹਿਆਂ ਦੀ ਅੱਗ ਠੰਢੀ ਹੋਈ ਜਾਪਦੀ ਹੈ। ਸਪੀਕਰ ਸਾਹਿਬ, ਕਈ ਕਿਸਾਨਾਂ ਦੀ ਤਾਂ 100% ਫਸਲ ਹੀ ਖਰਾਬ ਹੋ ਗਈ ਹੈ। ਅੱਜ ਕਿਸਾਨ ਆਪਣੀਆਂ ਫਸਲਾਂ ਵਾਹ ਰਹੇ ਹਨ, ਮੈਂ ਵੀ ਇੱਕ ਕਿਸਾਨ ਦਾ ਪੁੱਤ ਹਾਂ ਮੇਰੇ ਤੋਂ ਕਿਸਾਨਾਂ ਦੀ ਫਸਲ ਵਾਹੀ ਦੇਖੀ ਨਹੀਂ ਜਾਂਦੀ। ਉਨ੍ਹਾਂ ਕਿਸਾਨਾਂ ਨੇ ਛੇ ਮਹੀਨੇ ਤਕ ਕਿੰਨੀ ਮਿਹਨਤ ਅਤੇ ਆਸਾਂ ਨਾਲ ਆਪਣੀਆਂ ਫਸਲਾਂ ਪਾਲੀਆਂ ਸਨ। ਬਹੁਤ ਸਾਰੇ ਕਿਸਾਨਾਂ ਨੇ ਠੇਕੇ ਤੇ ਜ਼ਮੀਨਾਂ ਲੈ ਕੇ ਝੋਨੇ ਦੀ ਫਸਲ ਪਾਲੀ ਸੀ ਉਸ ਦਾ ਬਹੁਤ ਜ਼ਿਆਦਾ ਖਰਚਾ ਆਇਆ ਹੈ। ਕਿਸਾਨ ਆਪਣੀਆਂ ਫਸਲਾਂ ਵਾਹੁੰਦੇ ਦੇਖੇ ਨਹੀਂ ਜਾਂਦੇ। ਕਿਸਾਨਾਂ ਨੂੰ ਸਹੀ ਮੁਆਵਜ਼ਾ ਦਿਵਾਇਆ ਜਾਵੇ। ਖਰਚਾ ਬਹੁਤ ਜ਼ਿਆਦਾ ਆ ਚੁੱਕਾ ਹੈ। ਇਸ ਤਰ੍ਹਾਂ ਕਿਸਾਨ ਖੁਦਕੁਸ਼ੀਆਂ ਕਰ ਲੈਣਗੇ। ਮੇਰੇ ਇਲਾਕੇ ਵਿੱਚ ਸਬਜ਼ੀ ਦੀ ਆਮਦ ਬਹੁਤ ਜ਼ਿਆਦਾ ਹੁੰਦੀ ਹੈ। ਮੈਂ ਮੰਤਰੀ ਜੀ ਤੋਂ ਮੰਗ ਕਰਦਾ ਹਾਂ ਕਿ ਇਸ ਬਾਰੇ ਜਲਦੀ ਤੋਂ ਜਲਦੀ ਇੱਕ ਹਫਤੇ ਦੇ ਅੰਦਰ-ਅੰਦਰ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇ ਜਾਂ ਫਿਰ ਮਾਨਯੋਗ ਮੰਤਰੀ ਜੀ ਸੈਸ਼ਨ ਤੋਂ ਇਮੀਜੀਏਟ ਬਾਅਦ ਕਿਸੇ ਵੀ ਪਿੰਡ ਦੀ ਵਿਜ਼ਿਟ ਰੱਖ ਲੈਣ। ਇਸ ਨਾਲ ਅਸਲੀਅਤ ਦਾ ਪਤਾ ਲੱਗ ਸਕੇਗਾ। ਸਪੀਕਰ ਸਾਹਿਬ, ਮੈਂ ਆਪ ਰਾਹੀਂ ਮੰਤਰੀ ਸਾਹਿਬ ਨੂੰ ਟਾਈਮ ਬਾਊਂਡ ਕਰਨ ਲਈ ਇਸ ਸਬੰਧੀ ਆਸ਼ਵਾਸਨ ਲੈਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਅਗਲੇ ਸਾਲ ਲਈ ਸਰਕਾਰ ਨੂੰ ਕੁਝ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ, ਕੁਝ ਠੋਸ ਕਦਮ ਜਾਂ ਰਿਸਰਚ ਕਰਵਾਉਣੀ ਚਾਹੀਦੀ ਹੈ ਕਿ ਜੋ ਇਸ ਵਾਰ ਕਿਸਾਨਾਂ ਨਾਲ ਹੋਇਆ ਹੈ ਉਹ ਅਗਲੀ ਵਾਰ ਨਾ ਹੋਵੇ। ਉਨ੍ਹਾਂ ਨੂੰ ਦੇਖ ਕੇ ਬਾਕੀ ਕਿਸਾਨਾਂ ਦੇ ਅੰਦਰ ਵੀ ਡਰ ਸਹਿਮ ਪੈਦਾ ਹੋਇਆ ਹੈ। ਅਗਲੀ ਵਾਰੀ ਚੀਨੀ ਵਾਇਰਸ ਬਿਮਾਰੀ ਦੁਬਾਰਾ ਨਾ ਫੈਲ ਸਕੇ। ਇਸ

ਬਾਰੇ ਖੇਤੀਬਾੜੀ ਵਿਭਾਗ, ਖੇਤੀਬਾੜੀ ਯੂਨੀਵਰਸਿਟੀ ਨੂੰ ਇਨਵਾਲਵ ਕਰਕੇ ਅਤੇ ਉਨ੍ਹਾਂ ਨੂੰ ਮਿਕਸ ਅਪ ਕਰਕੇ ਅਡਵਾਂਸ ਪਲਾਨਿੰਗ ਕੀਤੀ ਜਾਵੇ ਤਾਂ ਕਿ ਪੰਜਾਬ ਦੇ ਕਿਸਾਨ ਨੂੰ ਬਚਾਇਆ ਜਾ ਸਕੇ।

2.20 ਕੁ.ਕ/ਰ.ਕ 03.10.2022

**ਮਾਲ ਮੰਤਰੀ:** ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਦੀ ਕਿਸਾਨਾਂ ਦੇ ਪ੍ਰਤੀ ਚਿੰਤਾ ਬੜੀ ਵਾਜਬ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਇਨ੍ਹਾਂ ਨੇ ਮੁਹਾਲੀ, ਪਟਿਆਲਾ ਅਤੇ ਡੇਰਾ ਬੱਸੀ ਦੀ ਗੱਲ ਵੀ ਕੀਤੀ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਇਨ੍ਹਾਂ ਜ਼ਿਲ੍ਹਿਆਂ ਦੇ ਡੀ.ਸੀ. ਸਾਹਿਬਾਨਾਂ ਨੂੰ ਕਹਿ ਕੇ ਜਲਦ ਤੋਂ ਜਲਦ ਗਿਰਦਾਵਰੀ ਦੀ ਰਿਪੋਰਟ ਲਈ ਜਾਵੇ। ਮੁੱਖ ਮੰਤਰੀ ਜੀ ਦੇ ਆਦੇਸ਼ ਦੇ ਅਨੁਸਾਰ ਜੋ ਵੀ ਬਣਦੀ ਆਰਥਿਕ ਸਹਾਇਤਾ ਦੀ ਤਜਵੀਜ਼ ਹੋਵੇਗੀ, ਉਹ ਜਲਦ ਤੋਂ ਜਲਦ ਕਿਸਾਨਾਂ ਨੂੰ ਦਿੱਤੀ ਜਾਵੇਗੀ। ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਅੱਗੇ ਤੋਂ ਪਹਿਲਾਂ ਹੀ ਇਸ ਤਰ੍ਹਾਂ ਦੇ ਵਾਇਰਸ ਦੀ ਕੋਈ ਨਾ ਕੋਈ ਰਿਸਰਚ ਕਰਵਾਈ ਜਾਵੇ। ਖੇਤੀਬਾੜੀ ਮੰਤਰੀ ਸਾਹਿਬਾਨ ਮੇਰੇ ਨਾਲ ਬੈਠੇ ਹਨ। ਇਸ ਸਬੰਧੀ ਕੋਸ਼ਿਸ਼ ਕੀਤੀ ਜਾਵੇਗੀ ਕਿ ਜੇਕਰ ਫਸਲਾਂ ਦਾ ਕਿਸੇ ਕੀੜੇ ਕਰਕੇ ਨੁਕਸਾਨ ਹੁੰਦਾ ਹੈ ਤਾਂ ਉਸ ਲਈ ਪਹਿਲਾਂ ਹੀ ਪ੍ਰੀਵੈਨਸ਼ਨਲ ਕੰਮ ਕੀਤਾ ਜਾਵੇ।

**ਮਾਨਯੋਗ ਸਪੀਕਰ:** ਅਗਲੀ ਆਈਟਮ। ਨਿਯਮ 16 ਅਧੀਨ ਪ੍ਰਸਤਾਵ। ਸਰਦਾਰ ਇੰਦਰਬੀਰ ਸਿੰਘ ਨਿੱਜਰ, ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜ਼ੀਰੋ ਆਵਰ, ਸਰ। ਨਿਯਮ 16 ਅਧੀਨ ਪ੍ਰਸਤਾਵ ਜ਼ੀਰੋ ਆਵਰ ਤੋਂ ਬਾਅਦ ਲੈ ਲੈਣਾ, ਸਰ।

**ਮਾਨਯੋਗ ਸਪੀਕਰ:** ਜ਼ੀਰੋ ਆਵਰ ਕਿਸੇ ਵੀ ਸਮੇਂ ਲਿਆ ਜਾ ਸਕਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਰ, ਫਿਰ ਉਹੀ ਗੱਲ। Same is the thing. ਜੇ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਲੋਕ ਸ਼ਾਂਤੀ ਨਾਲ ਗੱਲ ਕਰ ਸਕਣ, ਗੱਲ ਸੁਣ ਸਕਣ ਤੇ ਫਿਰ ਜ਼ੀਰੋ ਆਵਰ ਦੇਵੋ। You promised ਕਿ ਇਸ ਤੋਂ ਬਾਅਦ ਜ਼ੀਰੋ ਆਵਰ ਲਿਆ ਜਾਵੇਗਾ। Sir, you are going back on your own words. ਸਾਡੀ ਰਿਕੁਐਸਟ ਹੈ, don't break the rules. ਤੁਸੀਂ ਤੇ ਹਾਊਸ ਦੇ ਕਸਟੋਡੀਅਨ ਹੋ। ਤੁਸੀਂ ਕਾਇਦਾ ਕਾਨੂੰਨ ਚਲਾਉਣ ਵਾਲੇ ਹੋ। ਤੁਹਾਨੂੰ ਜ਼ੀਰੋ ਆਵਰ ਦੇਣਾ ਹੀ ਪੈਣਾ ਹੈ। ਪੰਜਾਬ ਦੇ ਲੋਕਾਂ ਦੀਆਂ problems ਦੇ ਖਿਲਾਫ ਆਪੋਜ਼ੀਸ਼ਨ ਨੇ ਗੱਲ ਚੁੱਕਣੀ ਹੀ ਹੈ। ਤੁਹਾਨੂੰ ਸੁਣਨੀ ਪੈਣੀ ਹੈ ਅਤੇ Government ਨੂੰ ਜਵਾਬ ਦੇਣਾ ਪੈਣਾ ਹੈ। ਨਹੀਂ ਤੇ ਫਿਰ ਸਾਨੂੰ ਜਵਾਬ ਦੇ ਦਿਓ। ਕੈਮਰੇ ਬੰਦ ਕਰਵਾਓ ਅਸੀਂ ਚਲੇ ਜਾਂਦੇ ਹਾਂ। But if you want us to participate, please don't do this.

**ਮਾਨਯੋਗ ਸਪੀਕਰ:** ਬਾਜਵਾ ਜੀ, ਪਲੀਜ਼ ਬੈਠੋ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਚੇਅਰ ਤੋਂ ਜ਼ੀਰੋ ਆਵਰ ਦੇਣ ਦੀ ਮੰਗ ਕਰ ਰਹੇ ਸਨ, ਜਿਸ ਕਰਕੇ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

---

## MOTION UNDER RULE 16

**ਮਾਨਯੋਗ ਸਪੀਕਰ :** ਨਿਯਮ 16 ਅਧੀਨ ਪ੍ਰਸਤਾਵ । ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਇੰਦਰਬੀਰ ਸਿੰਘ ਨਿੱਜਰ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

***ਪ੍ਰਸਤਾਵ ਪ੍ਰਵਾਨ ਹੋਇਆ ।***

------

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਚੇਅਰ ਤੋਂ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

**ਮਾਨਯੋਗ ਸਪੀਕਰ:** ਬਾਜਵਾ ਜੀ, ਤੁਸੀਂ ਬੈਠੋ। ਤੁਸੀਂ impatient ਕਿਉਂ ਹੋ? ਤੁਸੀਂ ਤੇ ਬੜੇ ਠਰ੍ਹੰਮੇ ਵਾਲੇ ਹੋ। ਬੈਠੋ।(ਵਿਘਨ, ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਤੁਸੀਂ ਆਪ promise ਕੀਤਾ ਹੈ, ਕਿ ਜ਼ੀਰੋ ਆਵਰ ਦੇਵੋਗੇ। The first thing that should have come is Zero Hour. ਤੁਸੀਂ ਕਿਹਾ ਕਿ ਨਹੀਂ ਜੀ ਪਹਿਲਾਂ ਬਾਕੀ ਮਤੇ ਆ ਲੈਣ ਦਿਓ। ਅਸੀਂ ਕਿਹਾ ਠੀਕ ਹੈ ਜੀ। ਉਸ ਤੋਂ ਬਾਅਦ ਤੁਸੀਂ promise ਕੀਤਾ ਸੀ ਕਿ ਜ਼ੀਰੋ ਆਵਰ ਦੇਵੋਗੇ।

**ਮਾਨਯੋਗ ਸਪੀਕਰ:** ਸੁਣੋ ਬਾਜਵਾ ਜੀ। ਮੇਰੀ ਬੇਨਤੀ ਵੀ ਸੁਣ ਲਵੋ। ਬੈਠੋ। ਬਾਜਵਾ ਜੀ, ਤੁਸੀਂ ਤੇ ਲੋਕ ਸਭਾ ਵਿੱਚ ਵੀ ਰਹੇ ਹੋ। ਉੱਥੇ ਜ਼ੀਰੋ ਆਵਰ ਰਾਤ ਨੂੰ 10-10 ਵਜੇ ਵੀ ਆਉਂਦਾ ਰਿਹਾ ਹੈ।

(**ਆਵਾਜ਼ਾਂ:** ਇਹ ਵਿਧਾਨ ਸਭਾ ਹੈ ਜੀ।)

**ਮਾਨਯੋਗ ਸਪੀਕਰ:** ਕੀ ਇਸ ਵਿੱਚ ਕੋਈ ਮਾੜੀ ਗੱਲ ਹੈ ?

**Sardar Partap Singh Bajwa:** I do not want to dispute ਮੈਂ ਤੁਹਾਨੂੰ 100 ਪਰਸੈਂਟ ਦੱਸ ਦਿੰਦਾ ਹਾਂ ਕਿ ਉੱਥੇ ਇਹ ਕਾਨੂੰਨ ਹੈ ਕਿ ਜਾਂ ਤਾਂ ਪਹਿਲਾਂ ਕੁਐਸਚਨ ਆਵਰ ਆਉਂਦਾ ਹੈ, ਕੁਐਸਚਨ ਆਵਰ ਤੋਂ ਬਾਅਦ ਜ਼ੀਰੋ ਆਵਰ ਆਉਂਦਾ ਹੈ। ਰਾਜ ਸਭਾ ਵਿੱਚ ਕਈ ਜਗ੍ਹਾ ਉੱਤੇ ਪਹਿਲਾਂ ਜ਼ੀਰੋ ਆਵਰ ਆਉਂਦਾ ਹੈ, question hour comes two hours late. It has never come at 12.00 'o' clock at night. It is the most important matter, ਜਿਸ ਦੇ ਬਾਰੇ ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ।

**ਮਾਨਯੋਗ ਸਪੀਕਰ:** ਠੀਕ ਹੈ ਜੀ, ਬੈਠੋ ਤੁਸੀਂ। (ਵਿਘਨ) (ਸ਼ੋਰ) ਅਗਲੀ ਆਈਟਮ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਜੇ ਅੱਜ ਹਾਊਸ ਨਹੀਂ ਚੱਲਣਾ ਤਾਂ ਉਸ ਦੇ ਤੁਸੀਂ directly responsible ਹੋਵੋਗੇ। ਤੁਸੀਂ ਸਾਡਾ ਮਾਈਕ ਬੰਦ ਕੀਤਾ ਹੈ। ਤੁਸੀਂ ਸਾਨੂੰ ਕੋਈ ਗੱਲ ਕਰਨ ਨਹੀਂ ਦਿੰਦੇ। ਤੁਸੀਂ ਕਹਿੰਦੇ ਹੋ ਕਿ ਆਪੋਜ਼ੀਸ਼ਨ ਤੁਹਾਡਾ ਸਾਥ ਨਹੀਂ ਦਿੰਦੀ। ਕੱਲ੍ਹ ਮੇਰੀ ਤੁਹਾਡੇ ਨਾਲ ਗੱਲ ਹੋਈ ਹੈ ਜੀ। You promised, ਕਿ ਜੋ-ਜੋ ਤੁਸੀਂ ਚਾਹੋਗੇ, ਉਹ ਹੋਵੇਗਾ। ਅਸੀਂ ਪੰਜਾਬ ਦੀ ਗੱਲ ਹੀ ਉਠਾਉਣੀ ਹੈ। ਗੈਂਗਸਟਰ ਤੁਹਾਡੀਆਂ ਜੇਲ੍ਹਾਂ ਵਿੱਚੋਂ ਭੱਜ ਰਹੇ ਹਨ। ਕਿਸੇ ਦੀ ਜਾਨ ਮਹਿਫੂਜ਼ ਨਹੀਂ ਹੈ। ਅਸੀਂ ਇਹ ਇਸ਼ੂ ਨਾ ਚੁੱਕੀਏ? Is it not the issue?

**ਮਾਨਯੋਗ ਸਪੀਕਰ:** ਬੈਠੋ, ਬੈਠੋ। ਤੁਸੀਂ ਗੱਲ ਤਾਂ ਸੁਣ ਲਵੋ। (ਵਿਘਨ) (ਸ਼ੋਰ) ਤੁਸੀਂ ਸਪੀਕਰ ਦੀ ਗੱਲ ਤੇ ਸੁਣੋਗੇ। ਹੁਣ ਵਿਸ਼ਵਾਸ ਪ੍ਰਸਤਾਵ ਤੇ ਬਹਿਸ ਮੁੜ ਆਰੰਭ ਹੋਵੇਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਵਿਸ਼ਵਾਸ ਪ੍ਰਸਤਾਵ ਤੇ ਵੀ ਬਹਿਸ ਹੋ ਜਾਵੇਗੀ ਪਰ ਉਸ ਤੋਂ ਪਹਿਲਾਂ ਸਾਡੀ ਜ਼ੀਰੋ ਆਵਰ ਤੇ ਗੱਲ ਤਾਂ ਸੁਣ ਲਵੋ।

**ਮਾਨਯੋਗ ਸਪੀਕਰ:** ਤੁਹਾਡੀ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ) 'Speakers' ਦੀ ਵਿਸ਼ਵਾਸ ਪ੍ਰਸਤਾਵ ਤੇ ਬਹਿਸ ਲਈ ਲਿਸਟ ਨਹੀਂ ਆਈ?

02.25/ਪ.ਸ਼/ਰ.ਕੁ

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਸ ਤੇ ਵੀ ਅਸੀਂ ਬੋਲਾਂਗੇ ਪਰ ਸਾਨੂੰ ਪਹਿਲੇ ਜ਼ੀਰੋ ਆਵਰ ਦਿਓ। Sir, Zero Hour you have promised, please don't go back on your promise, ਜੇ ਹਾਊਸ ਨੂੰ ਚਲਾਉਣਾ ਹੈ। ਹਮੇਸ਼ਾ ਹਾਊਸ ਦੀ ਰਿਸਪਾਂਸੀਬਿਲਟੀ Government ਦੀ ਹੁੰਦੀ ਹੈ। Sir, to run the House peacefully is your responsibility and also the responsibility of Parliamentary Affairs Minister ਜੇ ਤੁਸੀਂ ਚਾਹੁੰਦੇ ਹੋ ਕਿ ਪੰਜਾਬ ਦੇ ਕਿਸੇ ਵੀ ਮੁੱਦੇ ਤੇ ਗੱਲ ਹੀ ਨਾ ਹੋ ਸਕੇ, if you want ruckus in this House ਫਿਰ responsibility directly lies on you. ਤੁਸੀਂ ਦੱਸ ਦਿਓ ਕਿ ਕੀ ਚਾਹੁੰਦੇ ਹੋ? ਨਹੀਂ ਤਾਂ ਫਿਰ ਅਸੀਂ ਉੱਥੇ ਆਉਣੇ ਲਗੇ ਹਾਂ ਜਿੱਥੇ ਕਿ ਪਹਿਲਾ ਤੁਸੀਂ ਚਾਹੁੰਦੇ ਹੋ।

**ਮਾਨਯੋਗ ਸਪੀਕਰ**: ਅਸੀਂ ਇਹ ਬਿਲਕੁਲ ਨਹੀਂ ਚਾਹੁੰਦੇ। ਤੁਸੀਂ ਬੈਠੋ, ਬੈਠੋ। ਬੈਠੋ, ਬੈਠੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸਨ।)

-------

## SHORT ADJOURNMENT OF THE HOUSE

**ਮਾਨਯੋਗ ਸਪੀਕਰ**: ਸਦਨ 15 ਮਿੰਟ ਲਈ ਸਥੱਗਿਤ ਕੀਤਾ ਜਾਂਦਾ ਹੈ।

*2.25 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ 2.40 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

---

***2.40 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)**

**2.40/ਜਸਪਾਲ/3.10.2022/ਮੋਨਿਕਾ**

## WELCOME ANNOUNCEMENT BY THE FINANCE MINISTER

**ਮਾਨਯੋਗ ਸਪੀਕਰ:** ਬਾਜਵਾ ਜੀ ਖੜ੍ਹੇ ਸੀ, ਸ਼ਾਇਦ ਉਨ੍ਹਾਂ ਨੇ ਕੋਈ ਗੱਲ ਕਹਿਣੀ ਸੀ। ਚਲੋ, ਹਾਂ ਜੀ, ਮੰਤਰੀ, ਚੀਮਾ ਸਾਹਿਬ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸਪੀਕਰ ਸਾਹਿਬ, ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਮਾਨਯੋਗ ਸਪੀਕਰ ਸਾਹਿਬ ਤੁਹਾਡੇ ਮਾਤਾ ਜੀ, ਮਾਤਾ ਸਰਦਾਰਨੀ ਗੁਰਮੇਲ ਕੌਰ ਜੀ, ਇਸ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿਚ ਮੌਜੂਦ ਹਨ (ਥੰਪਿੰਗ) ਪੂਰਾ ਹਾਊਸ ਉਨ੍ਹਾਂ ਨੂੰ ਜੀ ਆਇਆਂ ਆਖਦਾ ਹੈ, ਨਿੱਘਾ ਸਵਾਗਤ ਕਰਦਾ ਹੈ। ਧੰਨਵਾਦ ਜੀ। (ਸਮੁੱਚੇ ਹਾਊਸ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ :** ਬਹੁਤ ਧੰਨਵਾਦ ਜੀ। ਹਾਂ ਜੀ, ਬਾਜਵਾ ਸਾਹਿਬ ਜੀ। ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਕਿਉਂਕਿ ਅੱਜ ਸਾਡੇ ਤਾਈ ਜੀ ਵੀ ਹਾਊਸ ਵਿੱਚ ਹਨ। ਪਹਿਲਾਂ ਤਾਂ ਜੇ ਤਾਈ ਜੀ ਨਾ ਹੁੰਦੇ ਤਾਂ ਮੈਨੂੰ ਲੱਗਦਾ ਸੀ ਕਿ ਤੁਹਾਡੀ ਮਨਸ਼ਾ ਤੋਂ ਕਿ ਸ਼ਾਇਦ ਤੁਸੀਂ ਅੱਜ ਸਾਨੂੰ ਜਸਟਿਸ ਨਹੀਂ ਦੇਣੀ ਪਰ ਕਿਉਂਕਿ ਤਾਈ ਜੀ ਇੱਥੇ ਹਨ, ਉਨ੍ਹਾਂ ਦੇ ਆਉਣ ਉਤੇ ਹੁਣ ਮੈਨੂੰ ਪੂਰਾ ਅਹਿਸਾਸ ਹੈ ਅਤੇ 100 ਫੀਸਦੀ ਪਤਾ ਹੈ ਕਿ ਪੰਜਾਬ ਜੋ ਸੁਣਨਾ ਚਾਹੁੰਦਾ ਹੈ, ਉਹ ਤੁਸੀਂ ਵਕਤ ਜ਼ੀਰੋ ਆਵਰ ਦਾ ਜ਼ਰੂਰ ਦਿਉਗੇ। ਤੁਹਾਡੀ ਹੱਥੀਂ ਮੈਂ ਨਹੀਂ ਚਾਹੁੰਦਾ ਹਾਂ ਕਿ ਤੁਹਾਡੇ ਮਾਤਾ ਜੀ ਬੈਠੇ ਹੋਏ ਦੇਖਣ ਕਿ ਮੇਰਾ ਪੁੱਤਰ ਜਿਹੜਾ ਹੈ, ਅੱਜ ਜਮਹੂਰੀਅਤ ਦੀ ਕਮਜ਼ੋਰੀ ਦੇ ਵਿੱਚ ਜਾਂ ਉਸ ਨੂੰ ਕਮਜ਼ੋਰ ਕਰਨ ਵਿਚ ਕੋਈ ਨੁਮਾਇਆ ਰੋਲ ਅਦਾ ਕਰ ਰਿਹਾ ਹੈ, ਮਦਰ ਕਦੇ-ਕਦੇ ਆਉਂਦੇ ਹਨ। ਅੱਜ ਇਨ੍ਹਾਂ ਦੀ ਵੀ ਨਾ ਮੰਨੋ, ਆਪਣੀ conscious ਦੀ ਆਵਾਜ਼ ਮੰਨਦੇ ਹੋਏ ਜ਼ੀਰੋ ਆਵਰ ਦਾ ਮੌਕਾ ਜ਼ਰੂਰ ਦਿਉ। ਮੈਂ ਇਹ ਆਸ ਕਰਾਂਗਾ ਕਿ ਹੁਣ ਵੇਖਦੇ ਹਾਂ ਕਿ ਮਾਤਾ ਜੀ ਦਾ ਇੱਥੇ ਆਉਣ ਦਾ ਤੁਸੀਂ ਕਿੰਨੀ ਕੁ ਇੱਜ਼ਤ, ਮਾਣ ਤੇ ਕਦਰ ਕਰਦੇ ਹੋ। (ਥੰਪਿੰਗ) (ਹਾਸਾ)

**ਮਾਨਯੋਗ ਸਪੀਕਰ :** ਮੈਂ ਸਾਰੇ ਹਾਊਸ ਦਾ ਸ਼ੁਕਰਗੁਜ਼ਾਰ ਹਾਂ, ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮਾਤਾ ਜੀ ਦਾ ਇੱਥੇ ਆਉਣ ਉਤੇ ਉਨ੍ਹਾਂ ਦਾ ਸਵਾਗਤ ਕੀਤਾ ਹੈ। ਮੈਂ ਵੀ ਮਾਤਾ ਜੀ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਦੀਆਂ ਸਿੱਖਿਆਵਾਂ ਕਰਕੇ ਮੈਂ ਇੱਥੇ ਤੁਹਾਡੀ ਸੇਵਾ ਕਰਨ ਲਈ ਲਾਇਕ ਹੋਇਆ ਹਾਂ, ਗੁਰੂ ਸਾਹਿਬ ਦਾ ਧੰਨਵਾਦੀ ਹਾਂ। ਬਾਜਵਾ ਜੀ ਔਰ ਚੀਮਾ ਸਾਹਿਬ, ਇਹ ਹਾਊਸ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਡਿਸਕਸ

ਕਰਨ ਲਈ ਹੈ, ਉਸ ਦਾ ਹੱਲ ਕੱਢਣ ਲਈ ਹੈ ਔਰ ਹਾਊਸ ਨੂੰ ਕਿਸ ਤਰ੍ਹਾਂ ਚਲਾਉਣਾ ਹੈ, ਉਸ ਦੇ ਵਿੱਚ ਬਹੁਤਾ ਜ਼ਿਆਦਾ ਰੋਲ ਮਾਨਯੋਗ ਮੈਂਬਰ ਸਾਹਿਬਾਨ ਦਾ ਹੈ, ਜ਼ਿੰਮੇਵਾਰੀ ਚੇਅਰ ਦੀ ਹੈ, ਕੁਲਤਾਰ ਸਿੰਘ ਸੰਧਵਾਂ ਵਿਚ ਕਮੀਆਂ ਹੋ ਸਕਦੀਆਂ ਹਨ, ਤੁਸੀਂ ਕੁਲਤਾਰ ਸਿੰਘ ਸੰਧਵਾਂ ਬਾਰੇ ਕੁਝ ਵੀ ਬੋਲ ਸਕਦੇ ਹੋ ਲੇਕਿਨ ਇਹ ਚੇਅਰ ਦੀ ਮਰਿਆਦਾ ਬਣਾ ਕੇ ਰੱਖਣਾ ਆਪਣੇ ਸਾਰਿਆਂ ਦੀ ਜ਼ਿੰਮੇਵਾਰੀ ਵੀ ਹੈ, ਦਾਇਤਵ ਹੈ। ਕੋਈ ਵੀ ਟੂਲ ਕਦੋਂ ਇਸਤੇਮਾਲ ਕਰਨਾ ਹੈ ਸਪੀਕਰ ਉਤੇ ਡਿਸਾਈਡ ਕਰਦਾ ਹੈ ਲੇਕਿਨ ਪਿਛਲੇ ਦੋ ਤਿੰਨ ਦਿਨ ਮੈਂ ਤੁਹਾਡੇ ਸਾਹਮਣੇ ਆਪਣਾ ਦਿਲ ਖੋਲ੍ਹ ਕੇ ਰੱਖ ਰਿਹਾ ਹਾਂ, ਜਦੋਂ ਇੱਧਰਲੇ ਸਾਥੀ ਆਪਣੀ ਗੱਲ ਕਹਿ ਲੈਂਦੇ ਸੀ ਉਸ ਤੋਂ ਬਾਅਦ ਰੌਲਾ ਪਾਉਣਾ ਸ਼ੁਰੂ ਕਰ ਦਿੰਦੇ ਸੀ, ਗੱਲ ਨਹੀਂ ਸੀ ਹੋਣ ਦਿੰਦੇ। ਸੋ, ਮੈਂ ਇਹ ਚਾਹੁੰਦਾ ਹਾਂ ਕਿ ਪਹਿਲਾਂ ਡਿਸਕਸ਼ਨ ਹੋ ਜਾਵੇ, ਬਾਅਦ ਵਿਚ ਆਪਾਂ ਜ਼ੀਰੋ ਆਵਰ ਦੇਖ ਲਵਾਂਗੇ। ਠੀਕ ਰਹੇਗਾ। ਕਿਉਂਕਿ ਹੁੰਦਾ ਇਹ ਰਿਹਾ ਹੈ ਕਿ ਆਪਾਂ ਆਪਣੀ ਗੱਲ ਕਹਿੰਦੇ ਹਾਂ ਤੇ ਕਈ ਤਾਂ ਮੇਰੇ ਮਾਨਯੋਗ ਸਾਥੀ ਮੁੜ ਕੇ ਆਪਣੀ ਇੱਕ ਕਿਤਾਬ ਜਿਹੀ ਚੁੱਕ ਕੇ ਘਰੇ ਜਾ ਵੜਦੇ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਜ਼ੀਰੋ ਆਵਰ ਦੇ ਦਿਓ । ਫਿਰ ਨਹੀਂ ਜਾਵਾਂਗੇ।)

**ਮਾਨਯੋਗ ਸਪੀਕਰ :** ਠੀਕ ਹੈ ਨਾ। ਸੋ, ਇਸ ਕਰਕੇ ਦੋ ਘੰਟੇ ਦਾ ਸਮਾਂ ਰੱਖਿਆ ਹੈ। ਸਤਿਕਾਰਯੋਗ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇੱਕ ਬੜਾ ਇੰਪਾਰਟੈਂਟ ਮੈਟਰ ਹੈ ਜਿਹੜਾ ਕਿ ਪੰਜਾਬ ਨੂੰ ਇਸ ਸਮੇਂ ਬਹੁਤ ਜ਼ਿਆਦਾ ਚਿੰਤਤ ਕਰ ਰਿਹਾ ਹੈ । ਇਸ ਲਈ ਕਿਰਪਾ ਕਰਕੇ ਜ਼ੀਰੋ ਆਵਰ ਦੇ ਦਿਓ ।

**ਮਾਨਯੋਗ ਸਪੀਕਰ:** ਬਾਜਵਾ ਜੀ, ਬੋਲੋ। ਤੁਸੀਂ ਬੋਲੋ, ਇੱਕ ਤੁਸੀਂ ਹੀ ਬੋਲੋ।

## MATTERS RAISED DURING ZERO HOUR

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) :** ਸਰ, ਅੱਜ ਸਾਰਿਆਂ ਲਈ ਅਫਸੋਸਜਨਕ ਗੱਲ ਹੈ ਕਿ ਪੰਜਾਬ ਦੇ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਹਾਲਾਤ ਇਹੋ ਜਿਹੇ ਬਣ ਗਏ ਹਨ ਜਿਹੜੀ ਚੀਜ਼ ਕਦੇ ਪੰਜਾਬ ਨੇ 75 ਸਾਲਾਂ ਵਿਚ ਨਹੀਂ ਸੀ ਵੇਖੀ ਕਿ ਗੈਂਗਸਟਰਜ਼ ਸੂਬੇ ਨੂੰ ਰਨ ਕਰਨਗੇ they are having a free run in the State. ਜਿਹੜੇ ਬੰਦੇ ਨੂੰ ਮਰਜ਼ੀ ਮਾਰ ਲੈਣ, ਜਿਹੜੇ ਮਰਜ਼ੀ ਆਦਮੀ ਨੂੰ ਚੁੱਕ ਲੈਣ, ਜਿਹੜੇ ਮਰਜ਼ੀ ਕੋਲੋਂ ਫਿਰੌਤੀ ਲੈ ਲੈਣ। ਹਾਲਾਤ ਇਸ ਕਿਸਮ ਦੇ ਬਣ ਗਏ ਹਨ ਕਿ ਜਿਹੜੇ ਕਈ ਸਾਲ ਪਹਿਲਾਂ ਜਦੋਂ ਕਾਲੀਆਂ, ਬੋਲੀਆਂ ਹਨੇਰੀਆਂ ਪੰਜਾਬ ਵਿਚ ਚਲਦੀਆਂ ਸੀ। ਇਸ ਕਿਸਮ ਦੇ ਹਾਲਾਤ ਬਣ ਗਏ ਹਨ। ਸਰ, ਕੱਲ੍ਹ ਦੀ ਘਟਨਾ ਬਾਰੇ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇੱਕ ਬਹੁਤ ਹੀ

ਬ.ਕ./ਐਮ./3.10.22/2.45

A-Grade ਗੈਂਗਸਟਰ ਦੀਪਕ ਟੀਨੂ, he is wanted in more than 34 cases. ਸਪੀਕਰ ਸਾਹਿਬ, ਉਹ ਆਦਮੀ 34 ਕੇਸਾਂ ਵਿੱਚ ਵਾਂਟਿਡ ਹੈ ਅਤੇ ਸਾਰਿਆਂ ਤੋਂ ਵੱਡੀ ਕਿਲਿੰਗ, ਜਿਸ ਨੇ ਜਿੱਥੇ ਕਿਤੇ ਦੁਨੀਆ ਵਿੱਚ ਪੰਜਾਬੀ ਜਗਤ ਹੈ, ਨੂੰ ਹਿਲਾ ਕੇ ਰੱਖ ਦਿੱਤਾ। ਸਾਡੇ ਨੌਜਵਾਨ ਆਈਕਨ, ਨੌਜਵਾਨ ਸਿੰਗਰ ਸਿੱਧੂ ਮੂਸੇਵਾਲਾ ਦੀ ਮੌਤ ਵਾਸਤੇ ਮੇਜਰ ਰੋਲ ਅਦਾ ਕੀਤਾ, ਉਸ ਦੇ ਕਤਲ ਵਿੱਚ ਮੇਜਰ ਰੋਲ ਅਦਾ ਕੀਤਾ। ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਹੋਰ ਗੈਂਗਸਟਰਾਂ ਦੇ ਨੇੜੇ ਦਾ ਆਦਮੀ, ਜੋ ਕਿ ਚੰਦ ਸਾਲ ਪਹਿਲਾਂ ਹਰਿਆਣੇ ਦੀ ਜੇਲ੍ਹ ਵਿੱਚੋਂ ਭੱਜਿਆ ਸੀ, ਉਸ ਨੂੰ ਚੰਦ ਮਹੀਨੇ ਪਹਿਲਾਂ ਤਿਹਾੜ ਵਿਚੋਂ ਟ੍ਰਾਂਜ਼ਿਟ ਰਾਹੀਂ ਸਿੱਧੂ ਮੂਸੇਵਾਲਾ ਦੀ ਕਿਲਿੰਗ ਵਿੱਚ, ਕੌਣ ਆਦਮੀ ਇਨਵਾਲਵ ਸਨ, ਹਥਿਆਰ ਕਿਥੋਂ ਆਏ, ਪਲਾਨਿੰਗ ਕਿੱਥੋਂ ਕਰਵਾਈ, ਗੱਡੀਆਂ ਕਿੱਥੋਂ ਆਈਆਂ, ਸਾਰੀ ਗੱਲ ਦੀ ਜਾਣਕਾਰੀ ਲੈਣ ਵਾਸਤੇ ਤਿਹਾੜ ਵਿਚੋਂ ਲਿਆਂਦਾ ਗਿਆ। ਗੋਇੰਦਵਾਲ ਵਾਲੀ ਜੇਲ੍ਹ ਤੋਂ ਚੰਦ ਦਿਨ ਪਹਿਲਾਂ ਟ੍ਰਾਂਜ਼ਿਟ ਵਿੱਚ ਰਿਮਾਂਡ ਉਤੇ, ਪ੍ਰੋਟੈਕਸ਼ਨ ਵਿੱਚ ਮਾਨਸਾ ਲਿਆਂਦਾ ਗਿਆ। ਸਾਨੂੰ ਭਾਰੀ ਅਫਸੋਸ ਹੈ ਕਿ one of the main accused, ਜਿਸ ਨੇ ਸਾਰੇ ਮਰਡਰ ਦੀ ਗੁਥਲੀ ਨੂੰ ਸੋਲਵ ਕਰਨ ਵਿੱਚ ਇਕ ਨਿਮਾਇਆ ਰੋਲ ਅਦਾ ਕਰਨਾ ਸੀ, ਉਸ ਨੂੰ ਮਾਨਸਾ ਪੁਲਿਸ ਨੇ ਫਰਾਰ ਹੋਣ ਵਿੱਚ, ਇਹ ਫਰਾਰ ਨਹੀਂ ਹੋਇਆ, ਫਰਾਰ ਕਰਵਾਉਣ ਵਿੱਚ ਮਦਦ ਕੀਤੀ। ਇਕ ਹੋਰ ਅਨਫਾਰਚੁਨੇਟ ਗੱਲ ਇਹ ਹੈ ਕਿ ਮਾਨਸਾ, ਜਿੱਥੇ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ ਹੈ, ਜਿੱਥੇ ਵਾਂਟਿਡ ਗੈਂਗਸਟਰਾਂ ਨੂੰ ਵਾਰੀ-ਵਾਰੀ interrogations ਵਾਸਤੇ ਲਿਆਂਦਾ ਜਾ ਰਿਹਾ ਹੋਵੇ, ਉੱਥੇ ਜਿਹੜਾ ਸੀ.ਆਈ.ਏ ਲਗਾਇਆ ਗਿਆ ਹੈ, ਉਸ ਦਾ ਨਾਂ ਪ੍ਰਿਤਪਾਲ ਸਿੰਘ ਹੈ, ਜੋ ਕਿ ਏ.ਐਸ.ਆਈ ਦੇ ਰੈਂਕ ਦਾ ਹੈ। ਉਸ ਨੂੰ ਓ.ਆਰ.ਪੀ ਰੈਂਕ ਦੇ ਕੇ ਇੰਸਪੈਕਟਰ ਲਗਾਇਆ ਗਿਆ ਹੈ। ਸਾਨੂੰ ਪਤਾ ਲੱਗਿਆ ਹੈ ਕਿ for considerations, ਉੱਥੇ ਇਸ ਦੀ ਇਕ ਮਹਿਲਾ ਮਿੱਤਰ ਨੂੰ ਮਿਲਾਉਣ ਵਾਸਤੇ ਸੀ.ਆਈ.ਏ ਵਿਚੋਂ ਬਾਹਰ ਪ੍ਰਬੰਧ ਕੀਤਾ ਗਿਆ। ਨਾਲ ਦੇ ਕਮਰੇ ਵਿੱਚ ਇੰਸਪੈਕਟਰ ਸਾਹਿਬ ਪਏ ਰਹੇ, ਇਕ ਕਮਰੇ ਵਿੱਚ ਇਹ ਸਨ, ਰਾਤ ਦੇ ਵਕਤ ਕੋਈ 11.30 ਜਾਂ 12.00 ਵਜੇ ਉਸ ਹੋਟਲ ਵਿੱਚੋਂ ਇਹ ਫਰਾਰ ਹੋ ਗਿਆ। ਡੀ.ਜੀ.ਪੀ ਸਾਹਿਬ ਦਾ ਰਾਤੀ ਟਵਿੱਟਰ ਤੇ ਟਵੀਟ ਆਇਆ ਕਿ ਅਸੀਂ ਇਸ ਨੂੰ (ਪ੍ਰਿਤਪਾਲ ਸਿੰਘ) ਪਹਿਲਾਂ ਸਸਪੈਂਡ ਕੀਤਾ ਹੈ, ਅਰੈਸਟ ਕੀਤਾ ਹੈ, 311 ਅਧੀਨ ਇਸ ਨੂੰ ਬਰਖਾਸਤ ਕਰਨਾ ਹੈ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਪਟਿਆਲਾ ਤੋਂ ਇਕ ਹੋਰ ਬਹੁਤ ਹੀ ਨਾਮੀ ਸਮੱਗਲਰ ਅਤੇ ਗੈਂਗਸਟਰ, ਜਿਸ ਦਾ ਨਾਂ ਅਮਰੀਕ ਸਿੰਘ ਹੈ, ਉਸ ਦਾ ਵੱਡਾ ਭਾਈ ਪ੍ਰੋਕਲੇਮਡ ਓਫੈਂਡਰ ਹੈ। ਜਗਦੀਸ਼ ਭੋਲਾ ਇਨਫੇਮਸ ਡਰੱਗ ਕੇਸ ਵਿੱਚ ਇਹ ਲੋਕ ਇਨਵਾਲਵਡ ਹਨ। ਉਸ ਨੂੰ ਜੇਲ੍ਹ ਵਾਲੇ ਲੈ ਕੇ ਆਏ ਸਨ। ਐਸ.ਐਸ.ਪੀ ਪਟਿਆਲਾ ਨੂੰ ਪੁੱਛਿਆ ਗਿਆ, ਉਹ ਕਹਿੰਦਾ ਹੈ ਕਿ ਮੈਨੂੰ ਕੋਈ ਇਤਲਾਹ ਹੀ ਨਹੀਂ ਦਿੱਤੀ ਗਈ। ਪਹਿਲਾਂ ਰਜਿੰਦਰਾ ਹਸਪਤਾਲ ਦੇ ਅੰਦਰ ਇਕ ਫਰਜ਼ੀ ਲੜਾਈ ਕਰਵਾਈ ਜਾਂਦੀ ਹੈ ਅਤੇ

ਵਿਖਾਇਆ ਗਿਆ ਕਿ ਉਸ ਦੇ ਮੱਥੇ ਅਤੇ ਪੇਟ ਵਿੱਚ ਸੱਟ ਲੱਗੀ ਹੈ। ਬਿਨਾਂ ਸੁਪਰਡੰਟ ਨੂੰ ਇਤਲਾਹ ਕੀਤਿਆਂ, ਸੁਪਰਡੰਟ ਜੇਲ੍ਹ ਦੀ ਸਟੇਟਮੈਂਟ ਹੈ ਕਿ ਮੈਨੂੰ ਪਤਾ ਨਹੀਂ ਲੱਗਿਆ ਕਿ ਡਿਪਟੀ ਸੁਪਰਡੰਟ ਨੇ ਦੋ ਬੰਦਿਆਂ ਨਾਲ ਉਸ ਨੂੰ ਰਜਿੰਦਰਾ ਹਸਪਤਾਲ ਭਿਜਵਾ ਦਿੱਤਾ ਹੈ। ਉਹ ਉੱਥੋਂ ਖਿਸਕ ਜਾਂਦਾ ਹੈ। ਇਹ ਦੋਵੇਂ A ਗ੍ਰੇਡ ਦੇ ਗੈਂਗਸਟਰ ਹਨ।

ਸਪੀਕਰ ਸਾਹਿਬ, ਹਾਲੇ ਆਪਣਾ ਸੈਸ਼ਨ ਚੱਲ ਰਿਹਾ ਹੈ। ਮੇਰੇ ਆਪਣੇ ਜ਼ਿਲ੍ਹੇ ਗੁਰਦਾਸਪੁਰ ਦੇ ਹਲਕੇ ਧਾਲੀਵਾਲ ਵਿੱਚ ਇਕ ਆਦਮੀ ਥਾਣੇ ਵਿਚੋਂ ਐਸ.ਐਲ.ਆਰ ਖੋਹ ਕੇ ਭੱਜ ਗਿਆ। ਸਰ, ਹਾਲਾਤ ਕਿਸ ਕਿਸਮ ਦੇ ਬਣ ਗਏ ਹਨ।

**ਮਾਨਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੇਰੀ ਗੁਜਾਰਿਸ਼ ਹੈ ਕਿ ਇਸ ਉੱਤੇ ਹੋਮ ਮਨਿਸਟਰ ਸਾਹਿਬ, ਜਿਹੜੇ ਮੌਜੂਦਾ ਮੁੱਖ ਮੰਤਰੀ ਹਨ, ਉਹ ਇੱਥੇ ਹਾਊਸ ਵਿੱਚ ਆ ਕੇ ਬਕਾਇਦਾ ਤੌਰ ਤੇ ਆਪਣੀ ਸਟੇਟਮੈਂਟ ਦੇਣ।

**ਮਾਨਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਛੋਟੇ ਏ.ਐਸ.ਆਈਜ਼ ਜਾਂ ਥਾਣੇਦਾਰਾਂ-ਇੰਸਪੈਕਟਰਾਂ ਤੱਕ ਜ਼ਿੰਮੇਵਾਰੀ ਨਾ ਰੱਖਣ।

**ਮਾਨਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਇਸ ਦੀ ਜ਼ਿੰਮੇਵਾਰੀ ਧੁਰ ਤੱਕ ਜਾਣੀ ਚਾਹੀਦੀ ਹੈ। ਇਸ ਦੀ ਜ਼ਿੰਮੇਵਾਰੀ ਸਿੱਧੇ ਤੌਰ ਤੇ ਸਰਦਾਰ ਭਗਵੰਤ ਸਿੰਘ ਮਾਨ ਦੀ ਹੈ।

**ਮਾਨਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਜਾਂ ਡੀ.ਜੀ.ਪੀ ਪੰਜਾਬ ਦੀ ਹੈ।

**ਮਾਨਯੋਗ ਸਪੀਕਰ** : ਧੰਨਵਾਦ ਜੀ। ਬੈਠੋ, ਬੈਠੋ। ਹੁਣ ਵਿਸ਼ਵਾਸ ਮਤੇ ਤੇ ਬਹਿਸ ਹੋਵੇਗੀ। ਹਾਂ ਜੀ, ਮੰਤਰੀ ਜੀ।

ਕਕ ਸਜ਼ 3.10.2022 2.50

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

(ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਟਰੇਜ਼ਰੀ ਬੈਂਚਿਜ਼ ਨੂੰ ਸੰਬੋਧਨ ਕਰਦੇ ਹੋਏ ਕੁਝ ਫੋਟੋਆਂ ਦਿਖਾ ਰਹੇ ਸਨ ਅਤੇ ਪੁੱਛ ਰਹੇ ਸੀ ਕਿ ਕੀ ਇਹ ** ** ਤੁਹਾਡੀਆਂ ਹਨ। ਇਸ ਦੇ ਜਵਾਬ ਵਿੱਚ ਟਰੇਜ਼ਰੀ ਬੈਂਚਿਜ਼ ਤੋਂ ਵੀ ਕਈ ਮੈਂਬਰਜ਼ ਖੜ੍ਹੇ ਹੋ ਕੇ ਬਹਿਸ ਕਰਨ ਲੱਗ ਪਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।) (ਵਿਘਨ)(ਸ਼ੋਰ)

**ਸੂਚਨਾ ਤੇ ਲੋਕ ਸੰਪਰਕ ਮੰਤਰੀ (ਸ਼੍ਰੀ ਅਮਨ ਅਰੋੜਾ):** ਸਰ, ਕੀ ਜ਼ੀਰੋ ਆਵਰ ਸਿਰਫ ਇਨ੍ਹਾਂ ਲਈ ਹੈ, ਸਾਡੇ ਲਈ ਨਹੀਂ? (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਅਮਨ ਜੀ, ਤੁਸੀਂ ਬੋਲੋ।

**ਸੂਚਨਾ ਤੇ ਲੋਕ ਸੰਪਰਕ ਮੰਤਰੀ:** ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਵੈਸੇ ਜ਼ੀਰੋ ਆਵਰ ਵਿੱਚ ਸਰਕਾਰ ਵੱਲੋਂ ਸਵਾਲ ਦਾ ਜਵਾਬ ਦੇਣਾ ਬਣਦਾ ਤਾਂ ਨਹੀਂ ਹੈ ਪਰ ਮੇਰੇ ਖਿਆਲ ਵਿੱਚ ਜੇ ਬਾਜਵਾ ਸਾਹਿਬ ਆਪਣੇ ਪਿਛਲੇ ਪੰਜ ਸਾਲ ਦੇ ਕਾਂਗਰਸ ਦੇ ਰਾਜ ਅਤੇ ਸ਼੍ਰੋਮਣੀ ਅਕਾਲੀ ਦਲ ਦੇ 10 ਸਾਲ ਦੇ ਰਾਜ ਉਤੇ ਮਾੜ੍ਹੀ ਜਿਹੀ ਨਿਗ੍ਹਾ ਮਾਰ ਲੈਂਦੇ ਅਤੇ ਆਪਣੀ ਪੀੜ੍ਹੀ ਥੱਲੇ ਸੋਟਾ ਫੇਰ ਲੈਂਦੇ ਤਾਂ ਸ਼ਾਇਦ ਇਹ ਸਵਾਲ ਖੜ੍ਹਾ ਹੀ ਨਾ ਹੁੰਦਾ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਕੱਲ੍ਹ ਇੱਕ ਨਾਮੀ ਗੈਂਗਸਟਰ ਸੀ.ਆਈ.ਏ. ਇੰਚਾਰਜ ਦੀ ਗ੍ਰਿਫਤ ਵਿੱਚੋਂ ਭੱਜਿਆ ਹੈ। ਉਸ ਦੇ ਲਈ ਸ਼੍ਰੀ ਭਗਵੰਤ ਮਾਨ ਜੀ ਦੀ ਸਰਕਾਰ ਨੇ ਅਤੇ ਹੋਮ ਡਿਪਾਰਟਮੈਂਟ ਨੇ .....

**ਮਾਨਯੋਗ ਸਪੀਕਰ:** ਅਮਨ ਜੀ, ਤੁਹਾਡੀ ਗੱਲ ਆ ਗਈ, ਹੋ ਗਿਆ। ਆਪਾਂ ਹਾਊਸ ਨੂੰ ਅੱਗੇ ਚਲਾਈਏ।

**ਸੂਚਨਾ ਤੇ ਲੋਕ ਸੰਪਰਕ ਮੰਤਰੀ :** ਸਪੀਕਰ ਸਾਹਿਬ, ਪਲੀਜ਼ ਗੱਲ ਕਰ ਲੈਣ ਦਿਉ ਜੀ। (ਵਿਘਨ) ਸਪੀਕਰ ਸਾਹਿਬ, ਇੱਕ ਮਿੰਟ ਜੀ। ਜਦੋਂ ਮਾਨ ਸਾਹਿਬ ਔਰ ਪੰਜਾਬ ਸਰਕਾਰ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਨਾਲ ਦੀ ਨਾਲ ਉਸ ਸੀ.ਆਈ.ਏ. ਇੰਚਾਰਜ ਸ਼੍ਰੀ ਪ੍ਰਿਤਪਾਲ ਸਿੰਘ ਉੱਪਰ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਉਸ ਨੂੰ ਨਾਲ ਦੀ ਨਾਲ ਅਰੈਸਟ ਕਰ ਲਿਆ ਗਿਆ ਹੈ। ਉਸ ਨੂੰ ਡਿਸਮਿਸ ਕਰਨ ਦੀ ਕਾਰਵਾਈ ਵੀ ਨਾਲ ਹੀ ਸ਼ੁਰੂ ਕਰ ਦਿੱਤੀ ਗਈ ਹੈ। ਲੁੱਕ ਆਊਟ ਸਰਕੂਲਰ ਵੀ ਜਾਰੀ ਕਰ ਦਿੱਤਾ ਗਿਆ ਹੈ। ਏ.ਜੀ.ਐਫ.ਟੀ. ਦੀ ਟੀਮ ਇਸ ਮਾਮਲੇ ਦੀ ਜਾਂਚ ਵਿੱਚ ਲੱਗੀ ਹੋਈ ਹੈ ਅਤੇ ਵੱਖ-ਵੱਖ ਥਾਵਾਂ ਤੇ ਇਸ ਸਬੰਧ ਵਿੱਚ ਛਾਪੇ ਵੱਜ ਰਹੇ ਹਨ। (ਵਿਘਨ)(ਸ਼ੋਰ) ਸਰ, ਸਵਾਲ ਇਹ ਹੈ ਕਿ ਕੀ ਪੰਜਾਬ ਦੇ ਅਜਿਹੇ ਹਾਲਾਤ ਪਿਛਲੇ ਛੇ ਮਹੀਨਿਆਂ ਵਿੱਚ ਹੋਏ ਹਨ? ਸਰ, ਇਨ੍ਹਾਂ ਨੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਜੋ ਕਰਤੂਤਾਂ ਪਿਛਲੇ ਪੰਜ ਸਾਲਾਂ ਦੌਰਾਨ ਕੀਤੀਆਂ ਹਨ, ਜੇ ਮੈਂ ਤੁਹਾਨੂੰ ਦੱਸਾਂ ਕਿ

ਇਨ੍ਹਾਂ ਦੇ ਰਾਜ ਵਿੱਚ ਗੁਰਦੀਪ ਪਹਿਲਵਾਨ ਨੂੰ ਕਿਵੇਂ ਦਿਨ-ਦਿਹਾੜੇ ਮਾਰਿਆ ਗਿਆ ਸੀ ? ਕੀ ਇਹ ਅੱਜ ਉਸ ਗੱਲ ਨੂੰ ਭੁੱਲ ਗਏ ਹਨ? ਕਿਸ ਤਰੀਕੇ ਨਾਲ ਮੌੜ ਬੰਬ ਬਲਾਸਟ ਦੀ ਫਾਈਲ ਉਪਰ ਪੰਜ ਸਾਲ ਇਹ ਬੈਠੇ ਰਹੇ, ਕੀ ਇਹ ਸਾਰੇ ਉਸ ਗੱਲ ਨੂੰ ਭੁੱਲ ਗਏ ਹਨ? (ਵਿਘਨ)(ਸ਼ੋਰ)

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਅਤੇ ਟਰੇਜ਼ਰੀ ਬੈਂਚਿਜ਼ ਤੋਂ ਵੀ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਕਰ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ।)

ਸਰ, ਜਿਸ ਤਰੀਕੇ ਨਾਲ ਸ਼੍ਰੀ ਮਹਿੰਦਰਪਾਲ ਸਿੰਘ ਬਿੱਟੂ ਦਾ ਜੇਲ੍ਹ ਵਿੱਚ ਕਤਲ ਹੋ ਜਾਂਦਾ ਹੈ ਪਰ ਇਨ੍ਹਾਂ ਤੋਂ ਉਸ ਸਮੇਂ ਕੱਖ ਨਹੀਂ ਹੋਇਆ ਸੀ। ਕੀ ਹੁਣ ਇਹ ਉਹ ਸਾਰਾ ਕੁਝ ਭੁੱਲ ਗਏ ਹਨ? ਸਰ, ਇਸੇ ਤਰੀਕੇ ਦੇ ਨਾਲ ਇਨ੍ਹਾਂ ਦੇ ਰਾਜ ਵਿੱਚ ਦੋ ਏ.ਐਸ.ਆਈਜ਼ ਦਾ ਕਤਲ ਹੋਇਆ ਸੀ (ਵਿਘਨ)(ਸ਼ੋਰ) ਬ੍ਰਿਗੇਡੀਅਰ ਗਗਨੇਜਾ ਅਤੇ ਕਾਮਰੇਡ ਬਲਵਿੰਦਰ ਸਿੰਘ ਭਿੱਖੀਵਿੰਡ ਦੇ ਵਿੱਚ ਮਰੇ...(ਵਿਘਨ)(ਸ਼ੋਰ) ਸੁਣ ਤਾਂ ਲਵੋ। ਸਪੀਕਰ ਸਾਹਿਬ, ਕੀ ਇਹ ਸਾਰਾ ਕੁਝ ਹੁਣ ਭੁੱਲ ਗਏ ਹਨ? (ਵਿਘਨ) ਸੁਣ ਤਾਂ ਲਵੋ। ਕਮਾਲ ਕਰੀ ਜਾਂਦੇ ਹੋ? ਇਸ ਤਰ੍ਹਾਂ ਕਿਵੇਂ ਚੱਲੇਗਾ? ਸਰ, ਮਾਤਾ ਚੰਦ ਕੌਰ ਕਾਂਡ ਵਾਪਰਿਆ (ਵਿਘਨ) ਸਰ, ਇਹ ਸਾਰਾ ਕੁਝ ਭੁੱਲ ਗਏ। ਤਕਰੀਬਨ 90 ਹਜ਼ਾਰ ਦੀ ਪੁਲਿਸ ਫੋਰਸ ਵਿੱਚ ਜੇ ਇੱਕ ਬੰਦੇ ਨੇ, ਜੇ ਜਿਹੜੀ ਇੱਕ ਕਾਲੀ ਭੇਡ ਹੈ .....(ਵਿਘਨ)(ਸ਼ੋਰ)

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰਜ਼ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸੀ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

**ਮਾਨਯੋਗ ਸਪੀਕਰ:** ਸ਼੍ਰੀ ਅਮਨ ਅਰੋੜਾ ਜੀ, ਤੁਸੀਂ ਬੈਠੋ। ਹੁਣ ਵਿਸ਼ਵਾਸ ਮਤੇ ਤੇ ਬਹਿਸ ਲਈ ਸਮੇਂ ਦੀ ਵੰਡ ਹੋਵੇਗੀ। (ਵਿਘਨ) ਕੁੱਲ ਸਮਾਂ ਦੋ ਘੰਟੇ ਦਾ ਰੱਖਿਆ ਗਿਆ ਹੈ। ਆਮ ਆਦਮੀ ਪਾਰਟੀ ਦਾ ਸਮਾਂ 1 ਘੰਟਾ 34 ਮਿੰਟ ਹੈ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 19 ਮਿੰਟ ਹਨ ਕਿਉਂਕਿ ਇਨ੍ਹਾਂ ਦੇ 18 ਮੈਂਬਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਤਿੰਨ ਮੈਂਬਰਜ਼ ਹਨ, ਇਨ੍ਹਾਂ ਦਾ ਸਮਾਂ 3 ਮਿੰਟ ਦਾ ਹੈ। ਭਾਰਤੀ ਜਨਤਾ ਪਾਰਟੀ ਦੇ 2 ਮੈਂਬਰਜ਼ ਹਨ, ਇਨ੍ਹਾਂ ਦਾ ਸਮਾਂ 2 ਮਿੰਟ ਦਾ ਹੈ। ਬਹੁਜਨ ਸਮਾਜ ਪਾਰਟੀ ਦਾ ਇੱਕ ਮੈਂਬਰ ਹੈ, ਉਨ੍ਹਾਂ ਨੂੰ ਇੱਕ ਮਿੰਟ ਦਾ ਸਮਾਂ ਅਤੇ ਇੱਕ ਮਿੰਟ ਦਾ ਸਮਾਂ ਹੀ ਅਜ਼ਾਦ ਮੈਂਬਰ ਨੂੰ ਦਿੱਤਾ ਜਾਵੇਗਾ। ਕੁੱਲ 120 ਮਿੰਟ ਹਨ। (ਵਿਘਨ)(ਸ਼ੋਰ) ਇਹ ਫਿਰ ਉਹੀ ਗੱਲ ਹੈ, ਜਿਹੜੀ ਬਾਰੇ ਮੈਂ ਪਹਿਲਾਂ ਖਦਸ਼ਾ ਪ੍ਰਗਟ ਕੀਤਾ ਸੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਅਸੀਂ ਓਪਰੇਸ਼ਨ ਲੋਟਸ ਤੇ ਬਹਿਸ ਸੁਣਨ ਲਈ ਤਿਆਰ ਹਾਂ, ਅਸੀਂ ਵਾਅਦਾ ਕਰਦੇ ਹਾਂ ਪਰ ਸਾਨੂੰ ਪਹਿਲਾਂ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਦੇ ਦਿਉ।

**ਮਾਨਯੋਗ ਸਪੀਕਰ:** ਇੱਧਰਲੇ ਮਾਨਯੋਗ ਸਾਥੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਆਪਣੀ ਗੱਲ ਕਹਿ ਕੇ ਜਦੋਂ ਹਾਊਸ ਦਾ ਹੋਰ ਕੋਈ ਬਿਜ਼ਨਸ ਸ਼ੁਰੂ ਹੁੰਦਾ ਹੈ ਤਾਂ ਉਦੋਂ ਰੌਲਾ ਪਾਉਣਾ ਸ਼ੁਰੂ ਕਰ ਦਿੰਦੇ ਹਨ। ਇਹ ਪ੍ਰਥਾ ਠੀਕ ਨਹੀਂ ਹੈ। ਇਹ ਸਪੀਕਰ ਨੇ ਦੇਖਣਾ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਅਸੀਂ ਓਪਰੇਸ਼ਨ ਲੋਟਸ ਤੇ ਸੁਣ ਕੇ ਜਾਵਾਂਗੇ, ਅਸੀਂ ਵਾਅਦਾ ਕਰਦੇ ਹਾਂ। ਸਾਨੂੰ ਜ਼ੀਰੋ ਆਵਰ ਦਾ ਸਮਾਂ ਦੇ ਦਿਉ। (ਵਿਘਨ)(ਸ਼ੋਰ)

## DISCUSSION AND VOTING ON MOTION OF CONFIDENCE

**ਮਾਨਯੋਗ ਸਪੀਕਰ:** ਇਹ ਸਪੀਕਰ ਨੇ ਦੇਖਣਾ ਹੈ। ਇਹ ਚੇਅਰ ਨੇ ਦੇਖਣਾ ਹੈ ਕਿ ਕਦੋਂ ਕੀ ਕਰਨਾ ਹੈ। ਹੁਣ ਸ਼੍ਰੀ ਸ਼ੀਤਲ ਅੰਗੁਰਾਲ ਜੀ ਵਿਸ਼ਵਾਸ ਮਤੇ 'ਤੇ ਬੋਲਣਗੇ। (ਵਿਘਨ)(ਸ਼ੋਰ)

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰਜ਼ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸੀ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ ਸੁਣਾਈ ਨੇ ਦੇ ਰਿਹਾ ਸੀ)

**ਸ਼੍ਰੀ ਸ਼ੀਤਲ ਅੰਗੁਰਾਲ (ਜਲੰਧਰ ਪੱਛਮੀ, ਐਸ.ਸੀ.):** ਸਪੀਕਰ ਸਾਹਿਬ, ਅੱਜ ਭਾਜਪਾ ਦੇ ਮਿਸ਼ਨ ਲੋਟਸ ਦੇ ਉਤੇ ਪੂਰਾ ਪੰਜਾਬ ਅਤੇ ਪੂਰਾ ਹਿੰਦੁਸਤਾਨ ਦੇਖ ਰਿਹਾ ਹੈ ਕਿ ਪੰਜਾਬ ਦੇ ਵਿੱਚ ਮਿਸ਼ਨ ਲੋਟਸ ਨੂੰ ਕਾਮਯਾਬ ਕਰਨ ਲਈ ਉਨ੍ਹਾਂ ਨੇ ਜ਼ੋਰ ਅਜ਼ਮਾਇਆ ਹੈ। ਅੱਜ ਆਮ ਆਦਮੀ ਪਾਰਟੀ ਨੇ ਮਿਸ਼ਨ ਲੋਟਸ ਨੂੰ ਦਿੱਲੀ ਤੋਂ ਬਾਅਦ ਪੰਜਾਬ ਦੇ ਵਿੱਚ ਫੇਲ੍ਹ ਕੀਤਾ ਹੈ। ਅੱਜ ਪੰਜਾਬ ਦੇ ਡੀ.ਜੀ.ਪੀ. ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ, ਵਿਜੀਲੈਂਸ ਦੇ ਵਿੱਚ ਉਨ੍ਹਾਂ ਲੋਕਾਂ ਦਾ ਨਾਮ ਜਿਨ੍ਹਾਂ ਲੋਕਾਂ ਨੇ ਪੰਜਾਬ ਦੇ ਚੁਣੇ ਹੋਏ ਲੋਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਹੈ....

**ਮਾਨਯੋਗ ਸਪੀਕਰ:** ਸ਼੍ਰੀ ਸ਼ੀਤਲ ਅੰਗੁਰਾਲ ਜੀ, ਰੁਕੋ ਇੱਕ ਮਿੰਟ ਜੀ। ਬਾਜਵਾ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ। (ਵਿਘਨ)(ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, (ਵਿਘਨ)(ਸ਼ੋਰ) ਇੱਕ ਮਿੰਟ ਲਈ ਸਾਡੀ ਗੱਲ ਸੁਣ ਲਵੋ ਜੀ। ਸਾਰਿਆਂ ਨਾਲੋਂ ਪਹਿਲਾਂ ..(ਵਿਘਨ) ... ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਵੋ। ਸਰ,

ਅਸੀਂ ਲੋਟਸ ਓਪਰੇਸ਼ਨ ਸਬੰਧੀ ਬਹਿਸ ਤੇ ਪਾਰਟੀਸੀਪੇਟ ਕਰਕੇ ਗੱਲ ਕਰਕੇ ਜਾਵਾਂਗੇ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ। ਪਰ ਇੱਕ ਸਭ ਤੋਂ ਵੱਡੀ ਅਫਸੋਸ ਦੀ ਗੱਲ ਹੈ ਜੀ ਕਿ ਸ਼੍ਰੀ ਅਮਨ ਅਰੋੜਾ ਜੀ, Is he the Home Minister or Chief Minister of Punjab? The one who is responsible... (Interruptions)

03.10.2022/2.55/ਹਰਪ੍ਰੀਤ ਸਿੰਘ/ਸ਼ੁਭਮ ਜੈਨ

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਜ਼ੀਰੋ ਆਵਰ ਤੇ ਸਮਾਂ ਨਾ ਦੇਣ ਦੇ ਰੋਸ ਵੱਜੋਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

(ਇਸ ਸਮੇਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨਾਲ ਬਹਿਸਣ ਲੱਗ ਪਏ।)

**ਮਾਨਯੋਗ ਸਪੀਕਰ:** ਬਾਜਵਾ ਜੀ, ਤੁਹਾਡੀ ਗੱਲ ਆ ਗਈ ਹੈ, ਤੁਸੀਂ ਬੈਠੋ। ਸ਼ੀਤਲ ਅੰਗੁਰਾਲ ਜੀ।

**ਸ਼੍ਰੀ ਸ਼ੀਤਲ ਅੰਗੁਰਾਲ:** ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਕੋਲੋਂ ਅੱਜ ਸੱਚ ਬਰਦਾਸ਼ਤ ਨਹੀਂ ਹੋਵੇਗਾ ਕਿਉਂਕਿ ਇਹ ਬੀ.ਜੇ.ਪੀ. ਦੀ ਬੀ-ਟੀਮ ਹੈ। ਇਹ ਨਹੀਂ ਚਾਹੁੰਦੇ ਕਿ ਮਿਸ਼ਨ ਲੋਟਸ ਫੇਲ ਹੋਵੇ। ਮੈਂ ਉਨ੍ਹਾਂ ਲੋਕਾਂ ਦੇ ਨਾਮ ਤੇ ਮੋਬਾਇਲ ਨੰਬਰ ਵਿਜੀਲੈਂਸ ਨੂੰ ਦੇ ਕੇ ਆਇਆ ਹਾਂ ਜਿਹੜੇ ਸਾਨੂੰ ਆਫਰਾਂ ਦਿੰਦੇ ਸਨ। ਪੰਜਾਬ ਵਿਚ ਬੀ.ਜੇ.ਪੀ. ਦੇ ਦਲਾਲ ਘੁੰਮ ਰਹੇ ਹਨ ਅਤੇ ਲੋਕਾਂ ਦੀ ਚੁਣੀ ਹੋਈ ਸਰਕਾਰ ਨੂੰ ਖਰੀਦਣ ਲਈ ਸਾਨੂੰ 25-25 ਕਰੋੜ ਰੁਪਏ ਦੀਆਂ ਆਫਰਾਂ, ਮੰਤਰੀ ਬਣਾਉਣ ਦੀਆਂ ਆਫਰਾਂ, ਘਰ ਵਿਚ ਇਕ ਚੇਅਰਮੈਨੀ ਦੇਣ ਦੀਆਂ ਆਫਰਾਂ ਦਿੱਤੀਆਂ ਜਾ ਰਹੀਆਂ ਹਨ। ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਪਿਛਲੇ ਮਹੀਨੇ ਦੀ 7 ਤਾਰੀਖ ਨੂੰ ਬੀ.ਜੇ.ਪੀ. ਦੇ ਦਲਾਲ ਦੀ ਪਹਿਲੀ ਕਾਲ ਆਈ ਹੈ, ਉਹ ਕਹਿੰਦੇ ਸੀ ਕਿ ਅਸੀਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਹਾਂ, ਮੈਂ ਉਨ੍ਹਾਂ ਲੋਕਾਂ ਦੇ ਨਾਮ ਅਤੇ ਮੋਬਾਇਲ ਨੰਬਰ ਅੱਜ ਵਿਜੀਲੈਂਸ ਨੂੰ ਦੇ ਕੇ ਆਇਆ ਹਾਂ। ਇਹ ਲੋਕਾਂ ਦੀ ਚੁਣੀ ਹੋਈ ਇਕ ਇਮਾਨਦਾਰ ਸਰਕਾਰ ਨੂੰ ਡੇਗਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਮੈਂ ਅੱਜ ਵਿਜੀਲੈਂਸ ਕੋਲ ਇਕ ਹੋਰ ਖੁਲਾਸਾ ਕਰਕੇ ਆਇਆ ਹਾਂ ਕਿ ਜਿੱਥੇ ਦਲਾਲਾਂ ਨੇ ਮੇਰੇ ਕੋਲ ਇਕ ਨਾਮ ਲਿਆ ** ** ਦਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਜ਼ੀਰੋ ਆਵਰ ਤੇ ਸਮਾਂ ਨਾ ਦੇਣ ਦੇ ਰੋਸ ਵੱਜੋਂ ਵੈੱਲ ਆਫ ਦਿ ਹਾਊਸ ਵਿਚ ਆ ਗਏ।)

**ਮਾਨਯੋਗ ਸਪੀਕਰ:** ਡਿਸਕਸ਼ਨ ਚੱਲ ਲੈਣ ਦਿਓ। ਅੱਜ ਇੱਥੇ ਸਕੂਲਾਂ ਦੇ ਬੱਚੇ ਸਦਨ ਦਾ ਸਮਾਗਮ ਦੇਖਣ ਆਏ ਹਨ, ਡਿਸਕਸ਼ਨ ਚੱਲਣ ਦਿਓ। ਉਨ੍ਹਾਂ ਬੱਚਿਆਂ ਤੇ ਤੁਹਾਡਾ ਕੀ ਪ੍ਰਭਾਵ ਜਾਵੇਗਾ। ਤੁਸੀਂ ਬੋਲੋਗੇ, ਤੁਸੀਂ ਬੋਲੋਗੇ, ਹੁਣ ਉਨ੍ਹਾਂ ਨੂੰ ਬੋਲਣ ਦਿਓ।

**ਸ੍ਰੀ ਸ਼ੀਤਲ ਅੰਗੁਰਾਲ:** ਸਪੀਕਰ ਸਾਹਿਬ, ਜਿਹੜਾ ਮੇਰੇ ਕੋਲ ਸਟਿੰਗ ਹੈ, ਉਸ ਵਿਚ ਭਾਰਤ ਸਰਕਾਰ ਦੇ ਮੰਤਰੀ ** ** ਦਾ ਜ਼ਿਕਰ ਕੀਤਾ ਜਾਂਦਾ ਹੈ।(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਹ ਕਹਿੰਦੇ ਤੁਹਾਨੂੰ ** ** ਨਾਲ ਬਿਠਾਇਆ ਜਾਵੇਗਾ ਅਤੇ 25 ਕਰੋੜ ਦੀ ਆਫਰ, ਮੰਤਰੀ ਬਣਾਉਣ ਦੀ ਆਫਰ ਮਿਲੇਗੀ। ਇਹ ਡੀਲ ** ** ਪੂਰੀ ਕਰਨਗੇ। (ਵਿਘਨ..ਸ਼ੋਰ) ਤੁਸੀਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਪੰਜਾਬ ਦੇ ਲੋਕਾਂ ਦਾ ਖੂਨ ਪੀਤਾ ਹੈ, ਇਹ ਕਾਂਗਰਸ ਬੀ.ਜੇ.ਪੀ. ਦੀ ਹੀ ਬੀ-ਟੀਮ ਹੈ।ਤੁਹਾਨੂੰ ਪੰਜਾਬ ਕਦੇ ਮੁਆਫ ਨਹੀਂ ਕਰੇਗਾ।

**ਮਾਨਯੋਗ ਸਪੀਕਰ:** ਜਿਹੜੇ ਮਾਨਯੋਗ ਵਿਅਕਤੀ ਸਦਨ ਵਿਚ ਹਾਜ਼ਰ ਨਹੀਂ ਹਨ, ਉਨ੍ਹਾਂ ਦਾ ਨਾਮ ਨਾ ਲਿਆ ਜਾਵੇ।

**ਸ੍ਰੀ ਸ਼ੀਤਲ ਅੰਗੁਰਾਲ:** ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਅੱਜ ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਵਿਚ ਇਕ ਇਮਾਨਦਾਰ ਸਰਕਾਰ ਪੰਜਾਬ ਵਿਚ ਕੰਮ ਕਰ ਰਹੀ ਹੈ। ਇਹ ਇੱਥੇ ਦੇਸ਼ ਦੀ ਰੂਲਿੰਗ ਪਾਰਟੀ ਦੀ ਪੈਰਵਾਈ ਕਰ ਰਹੇ ਹਨ। ਜਿਹੜੇ ਲੋਕ ਸਾਨੂੰ ਕਰੋੜਾਂ ਦੀਆਂ ਆਫਰਾਂ ਦੇ ਰਹੇ ਹਨ, ਇਹ ਲੋਕ ਉਨ੍ਹਾਂ ਦਾ ਸਾਥ ਦੇ ਰਹੇ ਹਨ। ਇਹ ਉਨ੍ਹਾਂ ਲੋਕਾਂ ਨੂੰ ਖਰੀਦਣਾ ਚਾਹੁੰਦੇ ਹਨ ਜਿਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ 92 ਦੀ ਗਿਣਤੀ ਵਿਚ ਇੱਥੇ ਭੇਜਿਆ ਹੈ। ਇਹ ਲੋਕ ਅੱਜ ਇਕ ਇਮਾਨਦਾਰ ਸਰਕਾਰ ਨਾਲ ਮੁਕਾਬਲਾ ਨਹੀਂ ਕਰ ਪਾ ਰਹੇ।

> (ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਹਾਜ਼ਰ ਮੈਂਬਰ ਜ਼ੀਰੋ ਆਵਰ ਤੇ ਸਮਾਂ ਨਾ ਦੇਣ ਦੇ ਰੋਸ ਵੱਜੋਂ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾਉਣ ਲੱਗ ਪਏ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ। ਜੋ ਕੁੱਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਬੋਲਿਆ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ। ਖਹਿਰਾ ਸਾਹਿਬ, ਇਹ ਜਿਹੜੀ ਕਾਹਲੀ ਹੈ, ਇਹ ਲੈ ਬਹਿੰਦੀ ਹੈ। ਜੇਕਰ ਤੁਸੀਂ ਕਾਹਲੀ ਨਾ ਕੀਤੀ ਹੁੰਦੀ ਤਾਂ ਇੱਧਰ (ਟਰੈਜ਼ਰੀ ਬੈਂਚਿੰਜ਼ ਵੱਲ ਇਸ਼ਾਰਾ) ਬੈਠੇ ਹੋਣਾ ਸੀ।ਹਰੇਕ ਗੱਲ ਤੇ ਕਾਹਲੀ ਨਾ ਕਰਿਆ ਕਰੋ। ਹਾਊਸ ਚੱਲਣ ਦਿਓ, ਪੰਜਾਬ ਦੇ ਲੋਕ ਅਤੇ ਬੱਚੇ ਤੁਹਾਨੂੰ ਦੇਖ ਰਹੇ ਹਨ।

**ਸ਼੍ਰੀ ਸ਼ੀਤਲ ਅੰਗੁਰਾਲ:** ਸਪੀਕਰ ਸਾਹਿਬ, ਇਹ ਬੀ.ਜੇ.ਪੀ. ਦੀ ਬੀ. ਟੀਮ ਹੈ। ਜਿਵੇਂ ਮੱਧ ਪ੍ਰਦੇਸ਼ ਵਿਚ, ਮਹਾਂਰਾਸ਼ਟਰ ਵਿਚ ਪੈਸਿਆਂ ਦੇ ਬਲ ਤੇ, ਅਹੁਦਿਆਂ ਦੇ ਲਾਲਚ ਦੇ ਕੇ ਮੈਂਬਰ ਖਰੀਦੇ, ਇਹ ਉਸੇ ਤਰ੍ਹਾਂ ਪੰਜਾਬ ਵਿਚ ਕਰਨਾ ਚਾਹੁੰਦੇ ਹਨ ਪਰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਟੀਮ ਦਾ ਕੋਈ ਵੀ ਮੈਂਬਰ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੀ ਟੀਮ ਦਾ ਕੋਈ ਮੈਂਬਰ ਵਿਕੇਗਾ ਨਹੀਂ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਵੈਲ ਆਫ ਦਿ ਹਾਊਸ ਵਿਚੋਂ ਆਪਣੀ ਸੀਟ ਤੇ ਜਾ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਤੁਸੀਂ ਸਾਨੂੰ ਪਰਾਮਿਸ ਕੀਤਾ ਸੀ। ਸਾਡੇ ਇਕ ਸਾਥੀ ਨੇ ਇਕ ਬੜੀ ਇੰਪਾਰਟੈਂਟ ਗੱਲ ਜ਼ੀਰੋ ਆਵਰ ਵਿਚ ਕਰਨੀ ਸੀ। ਅਸੀਂ ਅਪ੍ਰੇਸ਼ਨ ਲੋਟਸ ਵਾਲੀ ਬਹਿਸ ਵਿਚ ਸ਼ਾਮਲ ਹੋਣ ਲਈ ਆਏ ਹਾਂ। ਤੁਸੀਂ ਪਹਿਲਾਂ ਹੀ ਇਨ੍ਹਾਂ ਦੇ ਤਿੰਨ ਚਾਰ ਮੈਂਬਰ ਬੁਲਾ ਲਏ ਹਨ। ਸਾਨੂੰ ਵੀ ਬੋਲਣ ਦਾ ਮੌਕਾ ਦਿਓ। ਇਸ ਮੁੱਦੇ ਤੇ ਪਹਿਲਾਂ ਹੀ 36 ਮਿੰਟ ਮੁੱਖ ਮੰਤਰੀ ਜੀ ਬੋਲ ਲਏ ਹਨ ਅਤੇ 13-14 ਮਿੰਟ ਸ਼੍ਰੀ ਅਮਨ ਅਰੋੜਾ ਜੀ ਹੁਣ ਬੋਲੇ ਹਨ। ਸਾਨੂੰ ਵੀ ਮੌਕਾ ਦਿਓ।

**ਮਾਨਯੋਗ ਸਪੀਕਰ:** ਤੁਹਾਨੂੰ ਵੱਧ ਸਮਾਂ ਦੇ ਦਿਆਂਗੇ। ਤੁਸੀਂ ਆਪਣੇ ਮੈਂਬਰਾਂ ਦੀ ਲਿਸਟ ਭੇਜੋ।

ਅ.ਕ/ਅ.ਗ/3.00/3.10.2022

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਕਦੋਂ ਟਾਈਮ ਦਿਓਗੇ? ਨਾ ਕੋਈ ਜ਼ੀਰੋ ਆਵਰ ਵਿੱਚ ਗੱਲ ਕਰਨ ਦੇ ਰਹੇ ਹੋ।

**ਮਾਨਯੋਗ ਸਪੀਕਰ:** ਤੁਸੀਂ ਲਿਸਟ ਭੇਜੋ। ਸਭ ਕੁਝ ਹੋਵੇਗਾ। ਬੋਲਣ ਦਾ ਮੌਕਾ ਦਿੱਤਾ ਜਾਵੇਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਾਰਿਆਂ ਨਾਲੋਂ ਪਹਿਲਾਂ ਮੈਂ ਖਲੋਤਾ ਹਾਂ, ਲਿਸਟ ਬਾਅਦ ਵਿੱਚ ਆ ਜਾਵੇਗੀ। ਸਪੀਕਰ ਸਾਹਿਬ, ਇਹ ਕੋਈ ਤਰੀਕਾ ਨਹੀਂ ਹੈ।

**ਮਾਨਯੋਗ ਸਪੀਕਰ:** ਇਹ ਚੇਅਰ ਨੇ ਡਿਸਾਈਡ ਕਰਨਾ ਹੈ। ਤੁਸੀਂ dictate ਨਾ ਕਰਿਆ ਕਰੋ। ਹਾਂ ਜੀ, ਸ਼੍ਰੀ ਸ਼ੀਤਲ ਅੰਗੁਰਾਲ।

**ਸ਼੍ਰੀ ਸ਼ੀਤਲ ਅੰਗੁਰਾਲ:** ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਦੀ ਲੜਾਈ ਬੀ.ਜੇ.ਪੀ ਦੇ ਨਾਲ ਹੈ ਪਰ ਤਕਲੀਫ ਇਨ੍ਹਾਂ ਲੋਕਾਂ ਨੂੰ ਹੋ ਰਹੀ ਹੈ। ਇਹ ਲੋਕ ਅੱਜ ਬੀ.ਜੇ.ਪੀ ਦੀ ਬੀ.ਟੀਮ ਬਣ ਕੇ ਕੰਮ ਕਰ ਰਹੀ ਹੈ। ਮੇਰੇ ਮੀਡੀਆ ਦੇ ਸਾਥੀ ਬੈਠੇ ਹਨ, ਮੈਂ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਉਨ੍ਹਾਂ ਲੋਕਾਂ ਦਾ ਚਿਹਰਾ ਬੇਨਕਾਬ ਹੋ ਗਿਆ, ਜਿਹੜੇ ਲੋਕ ਅੱਜ 25-25 ਕਰੋੜ ਰੁਪਏ ਦੀ ਗੱਲ ਕਰਦੇ ਸੀ, ਉਹ ਕਹਿੰਦੇ

ਸੀ ਕਿ ਮਿਸ਼ਨ ਲੋਟਸ ਨੂੰ ਪੰਜਾਬ ਦੇ ਵਿੱਚ ਕਾਮਯਾਬ ਕਰਾਂਗੇ। ਪੰਜਾਬ ਦੇ ਚੁਣੇ ਹੋਏ ਨੁਮਾਇੰਦੇ ਜਿਨ੍ਹਾਂ ਨੂੰ ਗਰੀਬਾਂ ਨੂੰ ਚੁਣ ਕੇ ਭੇਜਿਆ, ਉਨ੍ਹਾਂ 92 ਐਮ.ਐਲ.ਏਜ਼ ਨੇ ਮਿਸ਼ਨ ਲੋਟਸ ਨੂੰ ਫੇਲ੍ਹ ਕੀਤਾ ਹੈ। ਪੰਜਾਬ ਦੇ ਵਿੱਚ ਅੱਜ 92 ਦੇ 92 ਐਮ.ਐਲ.ਏ ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਨਾਲ ਥੰਮ ਬਣ ਕੇ ਖੜ੍ਹੇ ਹਨ। ਇਹ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲੈਣ, ਭਾਵੇਂ ਈ.ਡੀ. ਦੇ ਪਰਚੇ ਦੇਣ, ਭਾਵੇਂ ਵਿਜੀਲੈਂਸ ਦੀ ਰੇਡ ਪਵਾਉਣ ਅਤੇ ਭਾਵੇਂ ਸਾਨੂੰ ਅੰਦਰ ਕਰਨ ਦੀ ਕੋਸ਼ਿਸ਼ ਕਰਨ, ਕੋਈ ਵੀ ਐਮ.ਐਲ.ਏ ਟੁੱਟਣ ਵਾਲਾ ਨਹੀਂ ਹੈ। ਸਰਦਾਰ ਭਗਵੰਤ ਸਿੰਘ ਮਾਨ ਦੀ ਜਿਹੜੀ ਟੀਮ ਹੈ, ਉਹ ਬਿਲਕੁਲ ਇਮਾਨਦਾਰ ਹੈ ਅਤੇ ਬਿਹਤਰ ਕੰਮ ਕਰ ਰਹੀ ਹੈ। ਪੰਜਾਬ ਦੇ ਲੋਕਾਂ ਨੇ ਸਾਡੇ ਤੇ ਵਿਸ਼ਵਾਸ ਕੀਤਾ। ਅਸੀਂ ਬੀ.ਜੇ.ਪੀ. ਦੀ ਗਿੱਦੜ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਾਂ। ਇਹ ਜਿੰਨੇ ਮਰਜ਼ੀ ਪਰਚੇ ਪਾ ਲੈਣ, ਸਾਰੇ ਲੋਕ ਤਿਆਰ ਬੈਠੇ ਹਨ। ਮੈਂ ਦੇਸ਼ ਦੇ ਗ੍ਰਹਿ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਜਦੋਂ ਮਰਜ਼ੀ ਬੁਲਾ ਲਓ, ਬੱਸਾਂ ਭਰ ਕੇ ਗ੍ਰਿਫਤਾਰੀ ਦੇਣ ਨੂੰ ਦੁਨੀਆ ਤਿਆਰ ਬੈਠੀ ਹੈ। ਸੁਣ ਕੇ ਜਾਓ, ਪੰਜਾਬ ਦੇ ਲੋਕਾਂ ਨੂੰ ਜਵਾਬ ਦਿਓ।

---

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਮੂਹ ਮੈਂਬਰ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕਆਊਟ ਕਰ ਗਏ।)

---

## DISCUSSION AND VOTING ON MOTION OF CONFIDENCE *(Resumption)*

**ਸ਼੍ਰੀ ਸ਼ੀਤਲ ਅੰਗੁਰਾਲ:** ਪੰਜਾਬ ਦੇ ਲੋਕਾਂ ਨੂੰ ਜਵਾਬ ਦਿਓ। ਸੁਣ ਕੇ ਜਾਓ, ਪੰਜਾਬ ਦੇ ਲੋਕ ਦੇਖ ਰਹੇ ਹਨ। ਅੱਜ ਉਨ੍ਹਾਂ ਲੋਕਾਂ ਦਾ ਚਿਹਰਾ ਬੇਨਕਾਬ ਹੋਇਆ ਹੈ ਜਿਹੜੇ ਲੋਕ 25-25 ਕਰੋੜ ਰੁਪਏ ਲੈ ਕੇ ਘੁੰਮ ਰਹੇ ਹਨ। ਉਨ੍ਹਾਂ ਦਾ ਨਾਮ ਨਹੀਂ ਸੁਣਨਾ ਚਾਹੁੰਦਾ।

**ਇਕ ਆਵਾਜ਼ : ( ਬੈਠੇ ਬੈਠੇ )** ** **

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਕਰੋ ਜੀ। ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀ ਸ਼ੀਤਲ ਅੰਗੁਰਾਲ:** ਸਪੀਕਰ ਸਾਹਿਬ, ਇਹ ਲੋਕ ਸੱਚ ਸੁਣਨਾ ਨਹੀਂ ਚਾਹੁੰਦੇ ਸੀ। ਇਨ੍ਹਾਂ ਨੂੰ ਪਤਾ ਹੈ ਕਿ ਜਿਸ ਤਰ੍ਹਾਂ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਗੋਆ ਵਿੱਚ ਐਮ.ਐਲ.ਏ ਵਿਕ ਗਏ ਉਸੀ ਤਰ੍ਹਾਂ ਦਿੱਲੀ ਤੋਂ ਬਾਅਦ ਪੰਜਾਬ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾਵੇ। ਪਰ ਪੰਜਾਬ ਦੇ ਵਿੱਚ ** ** ਦੀ ਟੀਮ ਸਰਦਾਰ ਭਗਵੰਤ ਸਿੰਘ ਮਾਨ ਦੇ 92 ਐਮ.ਐਲ.ਏ ਥੰਮ ਬਣ ਕੇ ਖੜ੍ਹੇ ਹਨ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਪੰਜਾਬ ਦੇ ਲੋਕਾਂ ਨਾਲ ਅਸੀਂ ਧੋਖਾ ਨਹੀਂ ਕਰਾਂਗੇ। ਪੰਜਾਬ ਦੇ ਲੋਕਾਂ ਨੇ ਸਾਨੂੰ ਵੋਟਾਂ ਪਾਈਆਂ, ਪੰਜਾਬ ਦੇ ਲੋਕਾਂ ਨੇ

ਸਾਡੇ ਤੇ ਵਿਸ਼ਵਾਸ ਕੀਤਾ। ਅਸੀਂ ਉਸ ਵਿਸ਼ਵਾਸ ਦੇ ਉੱਤੇ ਇੱਕ-ਇੱਕ ਵੋਟਰ ਦੇ ਕਰਜ਼ਦਾਰ ਹਾਂ। ਇੱਕ-ਇੱਕ ਵੋਟਰ ਦੇ ਲਈ ਅਸੀਂ ਆਪਣੀ ਪੰਜ ਸਾਲ ਦੀ ਮਿਹਨਤ ਲਗਾ ਕੇ ਪੰਜਾਬ ਨੂੰ ਇੱਕ ਨਵਾਂ ਪੰਜਾਬ ਬਣਾਵਾਂਗੇ। ਜਿਹੜਾ ਸੁਪਨਾ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਲਿਆ ਹੈ। ਭਾਜਪਾ ਵਾਲੇ ਜਿਹੜੇ ਸੈਂਟਰ ਦੇ ਵਿੱਚ ਈ.ਡੀ. ਦੀਆਂ ਗਿੱਦੜ ਧਮਕੀਆਂ ਦੇ ਰਹੇ ਹਨ, ਇਨ੍ਹਾਂ ਦੀ ਵਿਜੀਲੈਂਸ ਤੋਂ ਕੋਈ ਵੀ ਡਰਨ ਵਾਲਾ ਨਹੀਂ ਹੈ। ਜਿੰਨੇ ਮਰਜ਼ੀ ਪਰਚੇ ਦਰਜ ਕਰ ਲੈਣ। ਸਾਰੇ ਦੇ ਸਾਰੇ ਮੈਂਬਰ ਸਾਹਿਬਾਨ ਜੇਲ੍ਹ ਵਿੱਚ ਜਾਣ ਲਈ ਤਿਆਰ ਬੈਠੇ ਹਨ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਮੈਂ ਮੀਡੀਆ ਦੇ ਜਿੰਨੇ ਵੀ ਮੇਰੇ ਸਾਥੀ ਇੱਥੇ ਬੈਠੇ ਹਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਚਿਹਰਾ ਬੇਨਕਾਬ ਕਰੋ। ਪੰਜਾਬ ਦੇ ਲੋਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਡਾ. ਬਾਬਾ ਸਾਹਿਬ ਅੰਬੇਦਕਰ ਦੇ ਸੰਵਿਧਾਨ ਦੇ ਵਿੱਚ ਅਸੀਂ ਐਮ.ਐਲ.ਏ ਬਣ ਕੇ ਆਏ ਹਾਂ। ਇਹ ਆਪਣੇ ਪੈਸਿਆਂ ਦੇ ਬਲ ਤੇ ਸਾਨੂੰ ਖਰੀਦਣਾ ਚਾਹੁੰਦੇ ਹਨ। ਇਨ੍ਹਾਂ ਕੋਲ ਪੈਸੇ ਦੀ ਤਾਕਤ ਹੈ। ਇਨ੍ਹਾਂ ਕੋਲ ਈ.ਡੀ. ਦੀ ਤਾਕਤ ਹੈ। ਇਹ ਚਾਹੁੰਦੇ ਹਨ ਕਿ ਜਿਸ ਨੂੰ ਮਰਜ਼ੀ ਅਸੀਂ ਖਰੀਦ ਕੇ ਆਪਣੇ ਪਾਲੇ ਵਿੱਚ ਕਰ ਲਵਾਂਗੇ। ਪਰ ਆਮ ਆਦਮੀ ਪਾਰਟੀ ਦਾ ਕੋਈ ਕਾਰਯਕਰਤਾ ਵਿਕਣ ਵਾਲਾ ਨਹੀਂ ਹੈ। ਕਿਸੇ ਤਰੀਕੇ ਦੀ ਕੋਈ ਪਰਵਾਹ ਨਹੀਂ ਕਰਦਾ ਹੈ। ਸਾਨੂੰ ਜੋ ਵੀ ਸਾਡੇ ਘਰ ਦੇ ਵਿੱਚ ਗੁਰੂ ਮਹਾਰਾਜ ਨੇ ਰੋਟੀ ਪਾਣੀ ਦਿੱਤਾ ਹੈ, ਅਸੀਂ ਉਸ ਦੇ ਵਿੱਚ ਹੀ ਖੁਸ਼ ਹਾਂ। ਪਰ ਜਿਹੜਾ ਭਾਜਪਾ ਵਾਲਿਆਂ ਦਾ ਚਿਹਰਾ ਹੈ, ਲੋਕ ਜਿਹੜੇ ਰੋਜ਼ interview ਦਿੰਦੇ ਸੀ ਕਿ ਇਨ੍ਹਾਂ ਕੋਲ ਮਿਸ਼ਨ ਲੋਟਸ ਦੇ ਖਿਲਾਫ ਕੁਝ ਨਹੀਂ ਹੈ। ਉਨ੍ਹਾਂ ਦਾ ਜਿਹੜਾ ਚਿਹਰਾ ਹੈ ਉਹ ਅੱਜ ਬੇਨਕਾਬ ਕਰ ਦਿੱਤਾ ਹੈ। ਮੈਂ ਅੱਜ ਵਿਜੀਲੈਂਸ ਦੇ ਵਿੱਚ ਆਪਣੇ ਬਿਆਨ ਦਰਜ ਕਰਵਾ ਕੇ ਆਇਆ ਹਾਂ। ਤਿੰਨ ਲੋਕ ਜਿਹੜੇ ਮੈਨੂੰ 7 ਤਾਰੀਖ ਨੂੰ ਮਿਲੇ ਸੀ ਉਨ੍ਹਾਂ ਵਿੱਚ 2 ਆਪਣੇ ਆਪ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਐਡਵੋਕੇਟ ਕਹਿ ਰਹੇ ਹਨ। ਪਰ ਉਹ ਝੂਠੇ ਹਨ ਜਾਂ ਸੱਚੇ ਹਨ, ਮੈਨੂੰ ਨਹੀਂ ਪਤਾ ਹੈ। ਜਿਹੜਾ ਮੇਰੇ ਕੋਲ sting ਹੈ, ਉਸ sting ਦੇ ਵਿੱਚ ਉਹ ਕਹਿ ਰਹੇ ਹਨ ਕਿ ਬਾਬੂ ** ** ਤੋਂ ਪਹਿਲਾਂ ਜਿਹੜੀ ਮੀਟਿੰਗ ਹੈ ਉਹ ਦੇਸ਼ ਦੇ ਕੈਬਨਿਟ ਮੰਤਰੀ ** ** ਨਾਲ ਕਰਵਾਈ ਜਾਵੇਗੀ। ਉਹ ਲੋਕ ਤੁਹਾਨੂੰ ਪੈਸੇ ਵੀ ਦੇਣਗੇ ਅਤੇ bulk ਦੇ ਵਿੱਚ ਕੈਬਨਿਟ ਰੈਂਕ ਅਤੇ ਚੇਅਰਮੈਨੀਆਂ ਵੀ ਦਿੱਤੀਆਂ ਜਾਣਗੀਆਂ।

**ਮਾਨਯੋਗ ਸਪੀਕਰ:** ਜਿਹੜੇ ਮਾਨਯੋਗ ਮੈਂਬਰ ਸਦਨ ਦਾ ਹਿੱਸਾ ਨਹੀਂ ਹਨ, ਉਨ੍ਹਾਂ ਦਾ ਨਾਮ ਰਿਕਾਰਡ ਨਾ ਕੀਤਾ ਜਾਵੇ।

**ਸ਼੍ਰੀ ਸ਼ੀਤਲ ਅੰਗੁਰਾਲ:** ਸਪੀਕਰ ਸਾਹਿਬ, ਇਹ ਲੋਕ ਕਹਿ ਰਹੇ ਹਨ ਕਿ ਸਾਡਾ ਕੋਈ ਰੋਲ ਨਹੀਂ ਹੈ, ਇਨ੍ਹਾਂ ਦਾ ਬਹੁਤ ਵੱਡਾ ਰੋਲ ਹੈ। ਦੇਸ਼ ਨੂੰ ਇਨ੍ਹਾਂ ਨੇ ਇਨ੍ਹਾਂ ਕਰਜ਼ਦਾਰ ਕੀਤਾ ਹੈ। ਦੇਸ਼ ਦੇ ਬੱਚਿਆਂ ਦਾ ਘਾਣ ਕੀਤਾ ਹੈ। ਇਹ ਅੱਜ ਉਹ ਸਰਕਾਰ ਨੂੰ ਤੋੜਨਾ ਚਾਹੁੰਦੇ ਹਨ ਜਿਹੜੀ ਕਿ ਬਹੁਤ ਵਧੀਆ ਕੰਮ ਕਰ ਰਹੀ ਹੈ। ਮੈਂ ਇੱਕ ਵਾਰ ਫਿਰ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੇ ਨੇਤਰਤ੍ਰਿਤਵ

ਦੇ ਵਿੱਚ ਅਸੀਂ ਕੰਮ ਕਰ ਰਹੇ ਹਾਂ ਅਤੇ ਮੈਂ ਸਪੀਕਰ ਸਾਹਿਬ ਤੁਹਾਡਾ ਵੀ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਧੰਨਵਾਦ।

03.05 / 03.10.2022 ਤਰਲੋਚਨ ਸਿੰਘ /ਅਭਿਸ਼ੇਕ ਗੌਤਮ

**ਮਾਨਯੋਗ ਸਪੀਕਰ** : ਇਆਲੀ ਜੀ, ਤੁਸੀਂ ਹੁਣੇ ਬੋਲੋਗੇ ਜਾਂ ਬਾਅਦ ਵਿੱਚ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਹੁਣੇ ਬੋਲ ਲੈਂਦਾ ਹਾਂ ਜੀ।

**ਮਾਨਯੋਗ ਸਪੀਕਰ** : ਬੁਲਾਰੇ ਕਾਫੀ ਨੇ। ਜੇਕਰ ਇੱਕ ਬੁਲਾਰਾ ਹੋਰ ਬੁਲਾਉਣ ਤੋਂ ਬਾਅਦ ਸਮਾਂ ਦੇ ਦੇਈਏ ਤਾਂ ਠੀਕ ਰਹੇਗਾ?

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਠੀਕ ਹੈ ਜੀ।

**ਮਾਨਯੋਗ ਸਪੀਕਰ** : ਸ਼੍ਰੀ ਦਿਨੇਸ਼ ਚੱਢਾ ਜੀ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਵਿਸ਼ਵਾਸ ਮੱਤ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪਿਛਲੇ ਕਈ ਦਿਨਾਂ ਤੋਂ ਵਿਸ਼ਵਾਸ ਮੱਤ ਨੂੰ ਲੈ ਕੇ ਪੰਜਾਬ ਵਿੱਚ ਜਿਹੜਾ ਬਹੁਤ ਵੱਡਾ ਡਰਾਮਾ ਬੀ.ਜੇ.ਪੀ. ਲਈ ਕਾਂਗਰਸ ਪਾਰਟੀ ਕਰ ਰਹੀ ਹੈ, ਇਹ ਕਹਿੰਦੇ ਹਨ ਕਿ ਵਿਧਾਨ ਸਭਾ ਵਿੱਚ ਵਿਸ਼ਵਾਸ ਮੱਤ ਨਹੀਂ ਆ ਸਕਦਾ। ਸਭ ਤੋਂ ਪਹਿਲਾਂ ਮੈਂ ਕਾਰਨ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਪਾਰਟੀ ਬੀ.ਜੇ.ਪੀ. ਦੀ ਬੀ ਟੀਮ ਬਣ ਕੇ ਵਿਧਾਨ ਸਭਾ ਵਿੱਚ ਐਸਾ ਰੋਲ ਕਿਉਂ ਪਲੇਅ ਕਰ ਰਹੀ ਹੈ? ਜੇਕਰ ਨਿਗ੍ਹਾ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਆਪਰੇਸ਼ਨ ਲੋਟਸ ਤਹਿਤ ਮੁਲਕ ਵਿੱਚ ਹੁਣ ਤੱਕ ਕੌਣ-ਕੌਣ ਵਿਕਿਆ ਹੈ, ਕੌਣ-ਕੌਣ ਖਰੀਦੇ ਗਏ ਹਨ। ਸਭ ਤੋਂ ਪਹਿਲਾਂ ਮੈਂ ਕਰਨਾਟਕਾ ਦੀ ਗੱਲ ਕਰਨੀ ਚਾਹੁੰਦਾ ਹਾਂ। ਕਰਨਾਨਕਾ ਵਿੱਚ ਜੇ ਆਪਰੇਸ਼ਨ ਲੋਟਸ ਨਾਲ ਸਰਕਾਰ ਡਿੱਗੀ ਤਾਂ ਕੌਣ ਵਿਕਿਆ? 15 ਕਾਂਗਰਸੀ ਐਮ.ਐਲ.ਏ. ਵਿਕੇ। ਜੇਕਰ ਮੱਧ ਪ੍ਰਦੇਸ਼ ਦੀ ਗੱਲ ਕਰਾਂ ਤਾਂ, ਜੇਕਰ ਮੱਧ ਪ੍ਰਦੇਸ਼ ਵਿੱਚ ਸਰਕਾਰ ਡਿੱਗੀ ਤਾਂ ਕੌਣ ਵਿਕਿਆ? 22 ਕਾਂਗਰਸੀ ਐਮ.ਐਲ.ਏ.। ਗੋਆ ਦੀ ਗੱਲ ਕਰੀਏ ਤਾਂ ਗੋਆ ਵਿੱਚ ਤਾਂ ਸਰਕਾਰ ਲਈ ਲੋੜ ਹੀ ਨਹੀਂ ਸੀ, ਉਨ੍ਹਾਂ ਨੇ ਸਪੇਅਰਾਂ ਵਿੱਚ ਲੈਣ ਲਈ ਹੀ ਖਰੀਦ ਲਏ। ਕੌਣ ਖਰੀਦੇ ਗਏ? 8 ਕਾਂਗਰਸੀ ਐਮ.ਐਲ.ਏ. ਖਰੀਦੇ ਗਏ। ਜੇਕਰ ਝਾਰਖੰਡ ਦੀ ਗੱਲ ਕਰਾਂ ਕਿ ਸਰਕਾਰ ਖਤਰੇ ਵਿੱਚ ਆਈ, ਤਾਂ ਉੱਥੇ ਕੌਣ ਵਿਕਿਆ ਹੈ? ਕਿਸ ਦੀਆਂ ਗੱਡੀਆਂ ਵਿੱਚੋਂ ਨੋਟ ਮਿਲੇ ਹਨ? ਉੱਥੇ ਤਿੰਨ ਕਾਂਗਰਸੀ ਐਮ.ਐਲ.ਏ. ਨੋਟਾਂ ਦੀਆਂ ਭਰੀਆਂ ਕਾਰਾਂ ਨਾਲ ਫੜੇ ਗਏ। ਜੇਕਰ ਰਾਜਸਥਾਨ ਦੇ ਕਾਂਗਰਸ ਦੇ ਮੁੱਖ ਮੰਤਰੀ ਸਾਹਿਬ ਰੇਂਜ ਤੋਂ ਬਾਹਰ ਜਾਣ ਲੱਗ ਗਏ, ਨੈੱਟਵਰਕ ਤੋਂ ਬਾਹਰ ਜਾਣ ਲੱਗੇ, ਉਹ ਕਹਿੰਦੇ ਕਿ ਮੈਂ ਨੈੱਟਵਰਕ ਤੋਂ ਬਾਹਰ ਚਲਾ ਗਿਆ ਸੀ, ਤਾਂ ਸੌਦਾਬਾਜ਼ੀ ਕਿਸ ਦੀ ਹੋ ਰਹੀ ਹੈ? ਕਾਂਗਰਸੀਆਂ ਦੀ ਸੌਦੇਬਾਜ਼ੀ ਹੋ ਰਹੀ ਹੈ। ਸੋ, ਅੱਜ ਕਾਂਗਰਸ ਪਾਰਟੀ, ਉਹ ਜਮਾਤ, ਮੁਲਕ ਵਿੱਚ ਜਿਸ ਦੇ ਐਮ.ਐਲ.ਏ. ਸਭ ਤੋਂ ਜ਼ਿਆਦਾ ਵਿਕੇ ਹੋਣ, ਸਭ ਤੋਂ ਜ਼ਿਆਦਾ ਸੌਦੇਬਾਜ਼ੀ ਹੋਈ ਹੋਵੇ, ਉਹ ਕਾਂਗਰਸ ਅੱਜ

ਬੀ.ਜੇ.ਪੀ. ਨਾਲ ਰਲ ਕੇ ਬੀ.ਜੇ.ਪੀ. ਦੇ ਆਪਰੇਸ਼ਨ ਲੋਟਸ ਦੀ ਸਪੋਰਟ ਕਰ ਰਹੀ ਹੈ। ਇਸ ਦਾ ਮਤਲਬ ਉਨ੍ਹਾਂ ਨੇ ਮੰਨ ਲਿਆ ਹੈ ਕਿ ਕਾਂਗਰਸ ਪਾਰਟੀ ਐਮ.ਐਲ.ਏ. ਪੈਦਾ ਕਰਕੇ ਬੀ.ਜੇ.ਪੀ. ਨੂੰ ਵੇਚਣ ਵਾਲੀ ਇੱਕ ਫੈਕਟਰੀ ਬਣ ਗਈ ਹੈ। ਐਮ.ਐਲ.ਏ. ਬਣਾ-ਬਣਾ ਕੇ ਬੀ.ਜੇ.ਪੀ. ਨੂੰ ਵੇਚੀ ਜਾਉ। ਜੇਕਰ ਉਨ੍ਹਾਂ ਨੇ ਇਸ ਚੀਜ਼ ਨੂੰ ਰੋਕਣਾ ਹੁੰਦਾ ਤਾਂ ਅੱਜ ਪੰਜਾਬ ਦੀ ਵਿਧਾਨ ਸਭਾ ਵਿੱਚ ਇਸ ਚੀਜ਼ ਦਾ ਵਿਰੋਧ ਨਾ ਕਰਦੇ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਸੰਵਿਧਾਨ ਦਾ ਹਵਾਲਾ ਦਿੰਦੇ ਹਨ। ਦੂਜੇ ਪਾਸੇ ਜਿਹੜੇ ਕਾਂਗਰਸ ਦੇ ਸਤਿਕਾਰਤ ਐਮ.ਐਲ.ਏ. ਸਾਹਿਬਾਨ ਬੈਠੇ ਹੁੰਦੇ ਨੇ, ਉਹ ਇਹ ਸਮਝ ਕੇ ਕਿ ਇੱਧਰ ਪਹਿਲੀ ਵਾਰ ਚੁਣੇ ਗਏ ਹਨ, ਸਾਨੂੰ ਕਾਨੂੰਨ ਦਾ ਹਵਾਲਾ ਦੇ ਕੇ, ਸੰਵਿਧਾਨ ਦਾ ਹਵਾਲਾ ਦੇ ਕੇ, ਸਾਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ। ਪੂਰੇ ਪੰਜਾਬ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵਿਧਾਨ ਸਭਾ ਵਿੱਚ ਵਿਸ਼ਵਾਸ ਮੱਤ ਆ ਹੀ ਨਹੀਂ ਸਕਦਾ। ਇਸ ਦਾ ਕਾਨੂੰਨੀ ਪ੍ਰਾਵਧਾਨ ਨਹੀਂ ਹੈ।

ਹੈਰਾਨੀ ਦੀ ਗੱਲ ਹੈ। ਮੈਂ ਬਾਜਵਾ ਸਾਹਿਬ (ਸਰਦਾਰ ਪ੍ਰਤਾਪ ਸਿੰਘ ਬਾਜਵਾ) ਨੂੰ ਪੁੱਛਣਾ ਚਾਹੁੰਦਾ ਹਾਂ, ਮੈਂ ਕਾਂਗਰਸ ਦੇ ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਪੁੱਛਣਾ ਚਾਹੁੰਦਾ ਹਾਂ ਕਿ 22 ਸਤੰਬਰ ਨੂੰ ਤੁਸੀਂ ਕਿਹਾ ਕਿ ਸੰਵਿਧਾਨ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ। ਇਸ ਤੋਂ ਪਹਿਲਾਂ 5 ਸਤੰਬਰ ਨੂੰ, ਦੋ ਹਫ਼ਤੇ ਪਹਿਲਾਂ, ਤੁਹਾਡੀ ਆਪਣੀ ਪਾਰਟੀ ਨੇ ਝਾਰਖੰਡ ਵਿੱਚ ਇਹੋ ਵਿਸ਼ਵਾਸ ਮੱਤ ਪੇਸ਼ ਕੀਤਾ ਹੈ। ਝਾਰਖੰਡ ਵਿੱਚ ਕਾਂਗਰਸ ਝਾਰਖੰਡ ਮੁਕਤੀ ਮੋਰਚਾ ਪਾਰਟੀ ਦਾ ਹਿੱਸਾ ਹੈ। ਜਦੋਂ ਉੱਥੋਂ ਦੀ ਸਰਕਾਰ ਖਤਰੇ ਵਿੱਚ ਆਈ ਤਾਂ ਉਨ੍ਹਾਂ ਨੇ ਝਾਰਖੰਡ ਦੀ ਅਸੈਂਬਲੀ ਵਿੱਚ ਵਿਸ਼ਵਾਸ ਮੱਤ ਪੇਸ਼ ਕੀਤਾ, ਤੁਹਾਡੀ ਪਾਰਟੀ ਉਸ ਦਾ ਹਿੱਸਾ ਸੀ। ਤੁਸੀਂ ਉੱਥੇ ਵਿਸ਼ਵਾਸ ਮੱਤ ਪੇਸ਼ ਕਰਕੇ ਆਏ ਹੋ। ਹੁਣ ਤੁਸੀਂ ਪੰਜਾਬ ਨੂੰ ਜਵਾਬ ਦੇ ਦਿਉ ਕਿ ਦੋ ਹਫ਼ਤੇ ਬਾਅਦ ਉਹ ਵਿਸ਼ਵਾਸ ਮੱਤ ਹੁਣ ਗੈਰ ਸੰਵਿਧਾਨਕ ਕਿਵੇਂ ਹੋ ਗਿਆ, ਜਿਹੜਾ ਦੋ ਹਫ਼ਤੇ ਪਹਿਲਾਂ ਝਾਰਖੰਡ ਵਿੱਚ ਸੰਵਿਧਾਨਿਕ ਸੀ। ਉੱਥੇ ਬੀ.ਜੇ.ਪੀ. ਵਿਰੋਧ ਕਰ ਰਹੀ ਸੀ, ਇੱਥੇ ਪੰਜਾਬ ਵਿੱਚ ਬੀ.ਜੇ.ਪੀ. ਅਤੇ ਕਾਂਗਰਸ ਰਲ ਕੇ ਇਸ ਚੀਜ਼ ਦਾ ਵਿਰੋਧ ਕਰ ਰਹੇ ਹਨ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਦੀ ਇਸੇ ਵਿਧਾਨ ਸਭਾ ਵਿੱਚ ਕਾਂਗਰਸ ਦੇ ਸਾਡੇ ਸਾਥੀ ਪੰਜਾਬ ਨੂੰ ਗੁੰਮਰਾਹ ਕਰਦੇ ਰਹੇ ਹਨ ਕਿ ਕੈਪਟਨ ਸਾਹਿਬ (ਕੈਪਟਨ ਅਮਰਿੰਦਰ ਸਿੰਘ) ਪੰਜਾਬ ਦੇ ਰਾਖੇ ਹਨ। ਇਹ ਕਹਿੰਦੇ ਕਿ ਕੈਪਟਨ ਸਾਹਿਬ ਦੀ ਅਗਵਾਈ ਵਿੱਚ ਨਰਿੰਦਰ ਮੋਦੀ ਜੀ ਨਾਲ, ਬੀ.ਜੇ.ਪੀ. ਦੀ ਸਰਕਾਰ ਨਾਲ ਲੜਾਈ ਲੜਨੀ ਹੈ। ਜਿਨ੍ਹਾਂ ਦੀ ਅਗਵਾਈ ਵਿੱਚ ਇਹ ਲੜਾਈ ਲੜਨ ਦੀਆਂ ਗੱਲਾਂ ਕਰਦੇ ਰਹੇ ਹਨ, ਉਹ ਕੈਪਟਨ ਸਾਹਿਬ ਆਪ ਵੀ ਆਪਰੇਸ਼ਨ ਲੋਟਸ ਤਹਿਤ ਬੀ.ਜੇ.ਪੀ. ਵਿੱਚ ਚਲੇ ਗਏ ਹਨ। ਹੁਣ ਰਿਹਾ ਹੀ ਕੌਣ ਹੈ। ਸੁਨੀਲ ਜਾਖੜ ਕਾਂਗਰਸ ਦੇ ਸਾਬਕਾ ਪ੍ਰਧਾਨ ਵੀ ਬੀ.ਜੇ.ਪੀ. ਵਿੱਚ ਚਲੇ ਗਏ। ਖੇਡ ਮੰਤਰੀ ਸਾਹਿਬ, ਰਾਣਾ ਗੁਰਮੀਤ ਸਿੰਘ ਸੋਢੀ ਜੀ ਵੀ ਇਨ੍ਹਾਂ ਨਾਲ ਖੇਡ ਕਰ ਗਏ, ਉਹ ਵੀ ਬੀ.ਜੇ.ਪੀ. ਵਿੱਚ ਚਲੇ ਗਏ ਹਨ। ਜਿਨ੍ਹਾਂ ਕੋਲ ਸਾਰੀ ਪਾਵਰ ਸੀ, ਪਾਵਰ ਮੰਤਰੀ, ਗੁਰਪ੍ਰੀਤ ਸਿੰਘ ਕਾਂਗੜ ਜੀ, ਉਹ ਵੀ ਬੀ.ਜੇ.ਪੀ. ਵਿੱਚ ਚਲੇ ਗਏ। ਬਲਬੀਰ ਸਿੰਘ ਸਿੱਧੂ, ਜਿਹੜੇ

ਪੰਜਾਬ ਦੇ ਸਿਹਤ ਮੰਤਰੀ ਸੀ, ਉਨ੍ਹਾਂ ਨੇ ਕਾਂਗਰਸ ਪਾਰਟੀ ਦੀ ਸਿਹਤ ਦਾ ਕੋਈ ਧਿਆਨ ਨਹੀਂ ਰੱਖਿਆ, ਉਹ ਵੀ ਬੀ.ਜੇ.ਪੀ. ਵਿੱਚ ਚਲੇ ਗਏ। ਸੁੰਦਰ ਸ਼ਾਮ ਅਰੋੜਾ ਜੀ, ਜਿਹੜੇ ਇੰਡਸਟਰੀ ਮੰਤਰੀ ਸਨ, ਜਿਨ੍ਹਾਂ ਦੇ ਸਕੈਮ ਬਾਰੇ ਤੁਹਾਨੂੰ ਸਾਰਿਆਂ ਨੂੰ ਪਤਾ ਹੈ, ਉਹ ਵੀ ਬੀ.ਜੇ.ਪੀ. ਵਿੱਚ ਚਲੇ ਗਏ ਹਨ। ਅਜਾਇਬ ਸਿੰਘ ਭੱਟੀ ਜੀ, ਡਿਪਟੀ ਸਪੀਕਰ, ਉਹ ਵੀ ਬੀ.ਜੇ.ਪੀ. ਵਿੱਚ ਚਲੇ ਗਏ ਹਨ। ਫਤਿਹ ਜੰਗ ਸਿੰਘ ਬਾਜਵਾ ਵੀ ਬੀ.ਜੇ.ਪੀ. ਵਿੱਚ ਚਲੇ ਗਏ। ਜਿਨ੍ਹਾਂ ਦੀ ਸਾਰੀ ਪਾਰਟੀ ਨੂੰ ਬੀ.ਜੇ.ਪੀ. ਲੈ ਗਈ ਹੋਵੇ, ਉਹ ਹਾਲੇ ਅੱਜ ਵੀ ਬੀ.ਜੇ.ਪੀ. ਦੀ ਬੀ ਟੀਮ ਬਣ ਕੇ ਆਪਰੇਸ਼ਨ ਲੋਟਸ ਦੇ ਹੱਕ ਵਿੱਚ ਨਿੱਤਰ ਰਹੇ ਹਨ। ਸਿਰਫ ਇਸ ਕਰਕੇ ਉਨ੍ਹਾਂ ਦੀ ਅੱਧੀ ਕੈਬਨਿਟ ਬੀ.ਜੇ.ਪੀ. ਵਿੱਚ ਚਲੀ ਗਈ ਹੈ ਅਤੇ ਬਾਕੀ ਦੀ ਕੈਬਨਿਟ ਜਾਣ ਨੂੰ ਤਿਆਰ ਬੈਠੀ ਹੈ।

ਗ.ਕੌ/ਰ.ਕ./3-10-2022/3.10

ਅਖਬਾਰਾਂ ਵਿੱਚ ਖਬਰਾਂ ਪੜ੍ਹੀਆਂ ਹੋਣੀਆਂ ਹਨ ਕਿ ਦਿੱਲੀ ਦੇ ਗੇੜੇ ਵੱਜ ਰਹੇ ਹਨ। ਉਨ੍ਹਾਂ ਦਾ ਸ਼ੁੱਧੀਕਰਨ ਦਾ ਪ੍ਰੋਸੈਸ ਚੱਲ ਰਿਹਾ ਹੈ। ਆਪਣੇ ਕਾਰਜਕਾਲ ਵਿੱਚ ਜਿਹੜੇ ਉਨ੍ਹਾਂ ਨੇ ਘਪਲੇ ਕੀਤੇ ਹੋਏ ਹਨ ਉਨ੍ਹਾਂ ਦੇ ਸ਼ੁੱਧੀਕਰਨ ਦਾ ਪ੍ਰੋਸੈਸ ਚੱਲ ਰਿਹਾ ਹੈ। ਉਹ ਵੀ ਸਾਰੇ ਬੀ.ਜੇ.ਪੀ ਵਿੱਚ ਜਾਣਗੇ। ਸਪੀਕਰ ਸਾਹਿਬ, ਅੱਜ ਜੇਕਰ ਅਸੀਂ ਸਾਰੇ ਇਸ ਪਵਿੱਤਰ ਸਦਨ ਤੱਕ ਪਹੁੰਚੇ ਹਾਂ ਤਾਂ ਸਾਰੇ ਲੜਾਈਆਂ ਕਰਕੇ, ਸਾਰੇ ਸੰਘਰਸ਼ ਕਰਕੇ ਅਤੇ ਬਹੁਤ ਮਿਹਨਤ ਕਰਕੇ ਪਹੁੰਚੇ ਹਾਂ। ਕਿਸੇ ਤੇ ਜ਼ਿੰਦਗੀ ਵਿੱਚ ਪਰਚੇ ਹੋਏ ਅਤੇ ਕਿਸੇ ਨੇ ਜੇਲ੍ਹਾਂ ਕੱਟੀਆਂ ਤਾਂ ਇਸ ਪਵਿੱਤਰ ਸਦਨ ਤੱਕ ਪਹੁੰਚੇ ਹਾਂ। ਜਦੋਂ ਅਸੀਂ ਇਸ ਪਵਿੱਤਰ ਸਦਨ ਤੱਕ ਲੋਕ ਮੱਤ ਨਾਲ, ਜਨਮੱਤ ਨਾਲ ਪਹੁੰਚੇ ਤਾਂ ਸਾਡਾ ਧਰਮ ਹੈ ਕਿ ਇੱਥੇ ਆ ਕੇ ਲੋਕਾਂ ਦੇ ਹੱਕ ਦੀ ਗੱਲ ਕਰੀਏ। ਲੋਕਾਂ ਦੇ ਪੱਖ ਵਿੱਚ ਕਾਨੂੰਨ ਬਣਾਉਣ ਦੀ ਗੱਲ ਕਰੀਏ ਪਰ ਇਹ ਗੱਲ ਬਹੁਤ ਬੇਸ਼ਰਮੀ ਵਾਲੀ ਹੈ ਕਿ ਬੀ.ਜੇ.ਪੀ ਅਤੇ ਕਾਂਗਰਸ ਜਨਮੱਤ ਦੀ ਸੌਦੇਬਾਜ਼ੀ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਜਿਸ ਪਾਰਟੀ ਦੇ ਸਭ ਤੋਂ ਜ਼ਿਆਦਾ ਐਮ.ਐਲ.ਏ. ਵਿਕੇ ਹਨ ਉਹ ਇਸ ਚੀਜ਼ ਦਾ ਵਿਰੋਧ ਕਰਦੇ ਹਨ ਕਿ ਆਪਰੇਸ਼ਨ ਲੋਟਸ ਤਾਂ ਕੁਝ ਵੀ ਨਹੀਂ ਹੈ। ਅੱਜ ਸਾਡੇ ਮਾਨਯੋਗ ਐਮ.ਐਲ.ਏਜ਼ ਨੂੰ ਹੋਰਾਂ ਨੂੰ ਵੀ ਅਤੇ ਮੈਨੂੰ ਵੀ ਬੀ.ਜੇ.ਪੀ. ਵਾਲਿਆਂ ਨੇ ਅਪਰੋਚ ਕੀਤਾ ਹੈ। ਸਾਰੇ ਪਰੂਵ ਸਾਡੇ ਕੋਲ ਹਨ। ਸਾਰੇ ਐਵੀਡੈਂਸ ਸਾਡੇ ਕੋਲ ਹਨ। 25-25 ਕਰੋੜ ਰੁਪਿਆ ਦੇਣ ਦੀ ਆਫਰ ਕੀਤੀ ਗਈ ਹੈ। ਮੰਤਰੀ ਪਦ ਦੇਣ ਦੀ ਆਫਰ ਵੀ ਕੀਤੀ ਗਈ ਹੈ। ਕਾਂਗਰਸ ਪਾਰਟੀ ਇਨ੍ਹਾਂ ਗੱਲਾਂ ਦਾ ਸਬੂਤ ਮੰਗ ਰਹੀ ਹੈ। ਅਸੀਂ ਤੁਹਾਨੂੰ ਸਬੂਤ ਕਿਉਂ ਦੇਈਏ? ** ਜਿਨ੍ਹਾਂ ਦੇ ਐਮ.ਐਲ.ਏ. ਆਪ ਹੀ ਵਿਕੀ ਜਾਂਦੇ ਹਨ। ਅਸੀਂ ਤੁਹਾਨੂੰ ਕੋਈ ਸਬੂਤ ਕਿਉਂ ਦੇਈਏ। ਇਨਵੈਸਟੀਗੇਸ਼ਨ ਕਰਨ ਵਾਲੀ ਏਜੰਸੀ ਨੂੰ ਸਬੂਤ ਦੇਵਾਂਗੇ। ਉਨ੍ਹਾਂ ਨੂੰ ਇੱਕ-ਇੱਕ ਸਬੂਤ ਦੇਵਾਂਗੇ। ਆਪਰੇਸ਼ਨ ਲੋਟਸ ਵਾਲੀ ਏ-ਟੀਮ ਨੂੰ ਵੀ ਅਤੇ ਬੀ-ਟੀਮ ਨੂੰ ਵੀ ਦੱਸ ਦਿੰਦਾ ਹਾਂ ਕਿ ਤੁਸੀਂ ਬਾਕੀ ਰਾਜਾਂ ਵਿੱਚ ਕਾਂਗਰਸੀ ਖਰੀਦ ਲਏ।

**ਮਾਨਯੋਗ ਸਪੀਕਰ:** ** ਸ਼ਬਦ ਕੱਟ ਦਿੱਤਾ ਜਾਵੇ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਜਦੋਂ ਤੁਹਾਡਾ ਪੰਗਾ ਆਮ ਆਦਮੀ ਪਾਰਟੀ ਨਾਲ ਪਿਆ ਹੈ ਤਾਂ ਆਮ ਆਦਮੀ ਪਾਰਟੀ ਨੇ ਆਪਰੇਸ਼ਨ ਲੋਟਸ ਦਾ ਹੀ ਆਪਰੇਸ਼ਨ ਕਰ ਦਿੱਤਾ। ਦਿੱਲੀ ਵਿੱਚ ਵੀ ਕਰ ਦਿੱਤਾ ਅਤੇ ਪੰਜਾਬ ਵਿੱਚ ਵੀ ਕਰ ਦਿੱਤਾ। ਇਸ ਆਪਰੇਸ਼ਨ ਲੋਟਸ ਦਾ ਐਸਾ ਆਪਰੇਸ਼ਨ ਕੀਤਾ ਬੀ.ਜੇ.ਪੀ. ਵਾਲਿਆਂ ਨੂੰ ਪਤਾ ਲੱਗ ਗਿਆ ਕਿ ਅਸੀਂ ਕਾਂਗਰਸੀਆਂ ਨੂੰ ਤਾਂ ਖਰੀਦ ਸਕਦੇ ਹਾਂ ਪਰ ਜਿਹੜੀ ਪਾਰਟੀ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਵਿੱਚ ਅਤੇ ਸ਼੍ਰੀ ਭਗਵੰਤ ਮਾਨ ਜੀ ਦੀ ਅਗਵਾਈ ਵਿੱਚ ਲੋਕ ਸੰਘਰਸ਼ ਵਿੱਚੋਂ ਨਿਕਲੀ ਹੈ ਉਨ੍ਹਾਂ ਦੇ ਵਿਧਾਇਕਾਂ ਨੂੰ ਇਹ ਖਰੀਦ ਨਹੀਂ ਸਕਦੇ। ਅਸੀਂ ਲੋਕਾਂ ਦੇ, ਕਿਸਾਨਾਂ ਦੇ, ਮੁਲਾਜ਼ਮਾਂ ਦੇ, ਮਹਿਲਾਵਾਂ ਦੇ ਅਤੇ ਮਜ਼ਦੂਰਾਂ ਦੇ ਹੱਕਾਂ ਵਾਸਤੇ ਇਸ ਵਿਧਾਨ ਸਭਾ ਵਿੱਚ ਆਏ ਹਾਂ, ਉਸ ਤੇ ਖਰੇ ਉਤਰਾਂਗੇ। 25 ਕਰੋੜ ਰੁਪਏ ਦੀ ਗੱਲ ਛੱਡੋ ਤੁਸੀਂ ਚਾਹੇ ਨੋਟਾਂ ਦੇ ਟਰੱਕ ਭਰ ਕੇ ਖੜ੍ਹਾ ਦਿਓ ਪਰ ਆਮ ਆਦਮੀ ਪਾਰਟੀ ਦੇ ਵਿਧਾਇਕ ਉਹ ਕਦੇ ਨਹੀਂ ਵਿਕਣਗੇ। ਅੱਜ ਜਿਹੜੇ ਘੱਗਰੀਆਂ ਪਾ ਕੇ ਵੈੱਲ ਵਿੱਚ ਆ ਕੇ ਕਹਿੰਦੇ ਹਨ ਕਿ ਅਸੀਂ ਸੈਸ਼ਨ ਨਹੀਂ ਚੱਲਣ ਦੇਣਾ। ਇਸ ਗੱਲ ਦੀ ਮੈਨੂੰ ਬਹੁਤ ਹੈਰਾਨੀ ਹੋਈ। ਇਸ ਲੋਕਤੰਤਰ ਦੀ ਕਿੰਨੀ ਬਦਕਿਸਮਤੀ ਹੈ, ਕਿੰਨੀ ਸ਼ਰਮਸਾਰ ਗੱਲ ਹੈ ਕਿ ਜਿਸ ਮੁੱਦੇ ਤੇ ਇੱਥੇ ਚਰਚਾ ਕਰਨੀ ਹੈ, ਸੰਵਿਧਾਨ ਤੇ ਚਰਚਾ ਕਰਨੀ ਹੈ ਤਾਂ ਅੰਦਰ ਬੈਠ ਕੇ ਕਰੋ। ਕਾਨੂੰਨ ਦਾ ਜਵਾਬ ਕਾਨੂੰਨ ਨਾਲ ਦਿਓ ਅਤੇ ਰੂਲ ਦਾ ਜਵਾਬ ਰੂਲ ਨਾਲ ਦਿਓ। ਇੱਥੇ ਆ ਕੇ ਲਲਕਾਰੇ ਮਾਰਨੇ ਕਿੰਨੀ ਕੁ ਚੰਗੀ ਗੱਲ ਹੈ? ਲਲਕਾਰੇ ਮਾਰ ਕੇ ਪੰਜਾਬ ਦਾ ਕੀ ਭਲਾ ਹੋ ਰਿਹਾ ਹੈ? ਇੱਧਰ ਵਾਲੇ ਪਾਸੇ ਲਿਖ-ਲਿਖ ਕੇ ਸਭ ਨੇ ਕਾਗਜ਼ ਭਰੇ ਹੋਏ ਹਨ ਕਿ ਲੋਕਾਂ ਦੇ ਹੱਕ ਦੀ ਗੱਲ ਕਰ ਲਈਏ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ)। ਉੱਧਰ ਵਾਲੇ ਲਲਕਾਰੇ ਮਾਰ ਕੇ ਕਹਿੰਦੇ ਕਿ ਅਸੀਂ ਕਾਰਵਾਈ ਨਹੀਂ ਚੱਲਣ ਦੇਣੀ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਜੇਕਰ ਅੱਜ ਇੱਥੇ ਪਰਾਲੀ ਤੇ ਕੋਈ ਰੈਜ਼ੋਲਿਊਸ਼ਨ ਆ ਰਿਹਾ ਹੈ, ਐਸ.ਸੀ. ਵਿਦਿਆਰਥੀਆਂ ਦੇ ਵਜ਼ੀਫੇ ਤੇ ਕੋਈ ਰੈਜ਼ੋਲਿਊਸ਼ਨ ਆ ਰਿਹਾ ਹੈ ਤਾਂ ਕੀ ਤੁਸੀਂ ਲਲਕਾਰੇ ਮਾਰ ਕੇ ਉਨ੍ਹਾਂ ਦਾ ਭਲਾ ਕਰ ਲਵੋਗੇ? ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਪ੍ਰਸਤਾਵ ਦਾ, ਵਿਸ਼ਵਾਸ ਮੱਤ ਦਾ ਜ਼ੋਰਦਾਰ ਸਮਰਥਨ ਕਰਦਾ ਹਾਂ। ਮੈਂ ਇਸ ਦੇ ਹੱਕ ਵਿੱਚ ਹਾਂ ਅਤੇ ਮੈਂ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਅਤੇ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਲੋਕਤੰਤਰ ਨੂੰ ਵਿਕਾਊ ਬਣਨ ਤੋਂ ਰੋਕਿਆ ਹੈ। ਜਨਮਤ ਦੀ ਮੰਡੀ ਬਣਨ ਤੋਂ ਰੋਕਿਆ ਹੈ, ਜਨਮਤ ਦੀ ਸੌਦੇਬਾਜ਼ੀ ਹੋਣ ਤੋਂ ਰੋਕੀ ਹੈ। ਇਸ ਪਵਿੱਤਰ ਸਦਨ ਵਿੱਚ ਆਪਰੇਸ਼ਨ ਲੋਟਸ ਦੀ ਏ ਅਤੇ ਬੀ ਟੀਮ, ਬੀ.ਜੇ.ਪੀ. ਅਤੇ ਕਾਂਗਰਸ ਪਾਰਟੀ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਹੈ। ਬਹੁਤ ਬਹੁਤ ਧੰਨਵਾਦ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਰਾਣਾ ਇੰਦਰ ਪ੍ਰਤਾਪ ਸਿੰਘ:** ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਤਿਕਾਰਯੋਗ ਮੈਂਬਰ ਸਾਹਿਬ ਨੇ ਕਾਂਗਰਸੀਆਂ ਦੀ ਬਹੁਤ ਲੰਮੀ ਲਿਸਟ ਗਿਣਾ ਦਿੱਤੀ। ਉਸ ਵਿੱਚ ਭੁਲੇਖੇ ਨਾਲ ਜਾਂ ਬਗੈਰ ਨਾਲਿਜ ਤੋਂ ਰਾਣਾ ਗੁਰਜੀਤ ਸਿੰਘ ਬੋਲ ਗਏ।

**ਟਰੇਜ਼ਰੀ ਬੈਂਚਿਜ਼ ਵੱਲੋਂ ਕੁਝ ਆਵਾਜ਼ਾਂ:** ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਜੀ ਦਾ ਨਾਮ ਲਿਆ ਸੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਫਿਰ ਠੀਕ ਹੈ।

**ਮਾਨਯੋਗ ਸਪੀਕਰ:** ਹੁਣ ਇਆਲੀ ਸਾਹਿਬ ਬੋਲਣਗੇ।

3.15 ਕੁ.ਕ/ਰ.ਕ 03.10.2022

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਵਿਸ਼ਵਾਸ ਪ੍ਰਸਤਾਵ ਤੇ ਹੋਣ ਵਾਲੀ ਬਹਿਸ ਵਿੱਚ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਬੀ.ਜੇ.ਪੀ. ਦੇ ਹੱਕ ਵਿੱਚ ਨਹੀਂ ਬਲਕਿ ਇਸ ਦੇ ਵਿਰੋਧ ਦੇ ਵਿੱਚ ਹਾਂ। ਬੇਸ਼ੱਕ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦਾ ਨਾਂ ਬੜਾ ਲੰਮਾ ਸਮਾਂ ਬੀ.ਜੇ.ਪੀ. ਦੇ ਨਾਲ ਰਿਹਾ ਹੈ। ਲੇਕਿਨ ਜਿਸ ਸਮੇਂ ਤਿੰਨ ਕਿਸਾਨ ਵਿਰੋਧੀ ਆਰਡੀਨੈਂਸ ਬੀ.ਜੇ.ਪੀ. ਸਰਕਾਰ ਵੱਲੋਂ ਲਿਆਂਦੇ ਗਏ, ਉਸ ਸਮੇਂ ਸਭ ਤੋਂ ਪਹਿਲਾਂ ਮੈਂ ਉਸ ਦਾ ਵਿਰੋਧ ਕੀਤਾ ਸੀ ਅਤੇ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਨੂੰ ਬੇਨਤੀ ਕੀਤੀ ਸੀ ਕਿ ਭਾਜਪਾ ਨਾਲੋਂ alliance ਤੋੜ ਲਿਆ ਜਾਵੇ ਜੋ ਕਾਫੀ ਦੇਰ ਬਾਅਦ ਤੋੜਿਆ ਗਿਆ। ਉਸ ਤੋਂ ਬਾਅਦ ਜਦੋਂ ਰਾਸ਼ਟਰਪਤੀ ਦੀ ਚੋਣ ਸੀ, ਉਸ ਸਮੇਂ ਵੀ ਜੋ ਪੰਜਾਬ ਦੇ ਮੁੱਦੇ ਸਨ ਜੋ ਕਿ ਬੀਜੇਪੀ ਨੇ ਹੱਲ ਨਹੀਂ ਕੀਤੇ। ਚਾਹੇ ਚੰਡੀਗੜ੍ਹ ਦਾ ਮਸਲਾ ਹੈ, ਚਾਹੇ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ, ਪੰਜਾਬ ਦੇ ਪਾਣੀਆਂ ਦਾ ਮਸਲਾ ਹੋਵੇ ਚਾਹੇ ਹੋਰ ਜਿਹੜੇ ਪੰਜਾਬ ਦੇ ਮੁੱਦੇ ਹਨ, ਜੋ ਕਿ ਹੱਲ ਨਹੀਂ ਹੋਏ। ਇਸ ਗੱਲ ਨੂੰ ਮੁੱਖ ਰੱਖ ਕੇ ਰਾਸ਼ਟਰਪਤੀ ਦੀ ਚੋਣ ਦਾ ਬਾਈਕਾਟ ਕੀਤਾ ਗਿਆ ਸੀ। ਹੁਣ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਹੈ, ਇਸ ਵਿੱਚ ਵੀ ਪਹਿਲਾਂ ਕਾਂਗਰਸ ਸਰਕਾਰ ਅਤੇ ਉਸ ਤੋਂ ਬਾਅਦ ਹਰਿਆਣੇ ਵਿੱਚ ਬੀ.ਜੇ.ਪੀ. ਸਰਕਾਰ ਰਹੀ ਹੈ ਅਤੇ ਹੁਣ ਵੀ ਜੋ ਸੁਪਰੀਮ ਕੋਰਟ ਦਾ ਫੈਸਲਾ ਆਇਆ ਹੈ, ਇਸ ਤੋਂ ਲਗਦਾ ਹੈ ਕਿ ਭਾਜਪਾ ਦੇ ਪ੍ਰਭਾਵ ਹੇਠ ਹੀ ਵੱਖਰੀ ਕਮੇਟੀ ਬਣਾਈ ਗਈ ਹੈ। ਇਹ ਵੀ ਸ਼ਰ੍ਹੇਆਮ ਸਿੱਖ ਕੌਮ ਦੇ ਨਾਲ ਧੱਕਾ ਕੀਤਾ ਗਿਆ ਹੈ। ਸੋ, ਕਹਿਣ ਦਾ ਭਾਵ ਹੈ ਕਿ ਮੈਂ ਉਨ੍ਹਾਂ ਦੇ ਵਿਰੋਧ ਦੇ ਵਿੱਚ ਹਾਂ। ਲੇਕਿਨ ਜੋ ਵਿਸ਼ਵਾਸ ਪ੍ਰਸਤਾਵ ਲਿਆਂਦਾ ਗਿਆ ਹੈ, ਮੈਂ ਨਹੀਂ ਸਮਝਦਾ ਕਿ ਇਸ ਨੂੰ ਲਿਆਉਣ ਦੀ ਕੋਈ ਲੋੜ ਸੀ। ਜਿਸ ਦਿਨ ਤੁਹਾਡੇ ਦਫਤਰ ਦੇ ਵਿੱਚ ਬੀ.ਏ.ਸੀ. ਦੀ ਮੀਟਿੰਗ ਹੋਈ, ਉੱਥੇ ਵੀ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਕਿਉਂਕਿ ਪਹਿਲਾਂ ਵੀ

ਇਸ ਮੁੱਦੇ ਨੂੰ ਲੈ ਕੇ ਰਾਜਪਾਲ ਨੇ ਤੁਹਾਡੇ ਵੱਲੋਂ ਜੋ ਪਹਿਲਾਂ (22 ਸਤੰਬਰ, 2022) ਸੈਸ਼ਨ ਬੁਲਾਇਆ ਗਿਆ ਸੀ, ਉਸ ਨੂੰ ਰੱਦ ਕੀਤਾ ਗਿਆ ਸੀ। ਤੁਹਾਡੇ ਕੋਲ 92 ਵਿਧਾਇਕ ਹਨ ਅਤੇ ਸਰਕਾਰ ਬਣੀ ਨੂੰ ਸਿਰਫ ਛੇ ਮਹੀਨੇ ਹੋਏ ਹਨ। ਇੰਨੀ ਛੇਤੀ ਕਿਸੇ ਵਿਰੋਧੀ ਧਿਰ ਦੇ ਆਗੂ ਨੇ ਤੁਹਾਡੇ ਤੋਂ ਕੋਈ ਮੰਗ ਨਹੀਂ ਕੀਤੀ ਕਿ ਤੁਸੀਂ ਬਹੁਮਤ ਸਾਬਿਤ ਕਰੋ। ਫਿਰ ਵੀ ਜੇਕਰ ਬੀ.ਜੇ.ਪੀ. ਨੇ ਕੋਈ ਆਫਰ ਦਿੱਤੀ ਹੈ, ਉਸ ਦੇ ਸਬੂਤ ਲੋਕਾਂ ਦੇ ਸਾਹਮਣੇ ਰੱਖਣੇ ਚਾਹੀਦੇ ਹਨ। ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। 14 ਸਤੰਬਰ, 2022 ਨੂੰ ਮਾਨਯੋਗ ਚੀਮਾ ਸਾਹਿਬ, ਵਿੱਤ ਮੰਤਰੀ ਜੀ ਬੈਠੇ ਹਨ, ਇਨ੍ਹਾਂ ਨੇ ਡੀ.ਜੀ.ਪੀ. ਸਾਹਿਬ ਨੂੰ ਕੰਪਲੇਂਟ ਦਿੱਤੀ ਸੀ ਕਿ ਸਾਡੇ ਐਮ.ਐਲ.ਏ. ਸਾਹਿਬਾਨ ਨੂੰ 25-25 ਕਰੋੜ ਰੁਪਏ ਦੀਆਂ ਆਫਰਾਂ ਆ ਰਹੀਆਂ ਹਨ। ਸੱਤ ਦਿਨ ਪਹਿਲਾਂ ਆਫਰਾਂ ਆ ਰਹੀਆਂ ਸੀ, ਮੇਰਾ ਖਿਆਲ ਹੈ ਕਿ ਅੱਜ 20-22 ਦਿਨ ਹੋ ਗਏ ਹਨ ਲੇਕਿਨ ਜਿਨ੍ਹਾਂ ਲੋਕਾਂ ਨੇ ਆਫਰਾਂ ਦਿੱਤੀਆਂ ਹਨ, ਜਾਂ ਇਸ ਵਿੱਚ ਦੋਸ਼ੀ ਹਨ, ਉਨ੍ਹਾਂ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਹੈ। ਉਨ੍ਹਾਂ ਦੇ ਨਾਂ ਨਸ਼ਰ ਨਹੀਂ ਕੀਤੇ ਗਏ ਹਨ।

*3.16 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਨਯੋਗ ਡਿਪਟੀ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਇਹ ਵੀ ਹੋ ਸਕਦਾ ਹੈ ਕਿ ਇਹ ਸਾਰਾ ਮੁੱਦਾ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਅਤੇ ਇਸ ਨੂੰ ਚੋਣ ਮੁੱਦਾ ਬਣਾ ਕੇ ਸਰਕਾਰ ਵੱਲੋਂ ਕੋਈ ਰਾਜਨੀਤੀ ਤਾਂ ਨਹੀਂ ਕੀਤੀ ਜਾ ਰਹੀ ਹੈ। ਇਨ੍ਹਾਂ ਸੂਬਿਆਂ ਵਿੱਚ ਜਾਂ ਫਿਰ ਆਉਣ ਵਾਲੀ ਪਾਰਲੀਮੈਂਟ ਦੀ ਇਲੈਕਸ਼ਨ ਵਿੱਚ ਵੋਟਾਂ ਲੈਣ ਲਈ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਰਾਜਨੀਤੀ ਤਾਂ ਨਹੀਂ ਕੀਤੀ ਜਾ ਰਹੀ? Otherwise ਸਰਕਾਰ ਨੂੰ ਚਾਹੀਦਾ ਹੈ ਕਿ, ਤੁਹਾਡੀ ਪੁਲਿਸ ਹੈ, ਤੁਹਾਡੀ ਸਰਕਾਰ ਹੈ, ਕਿ ਸਾਰੇ ਸਬੂਤ ਲੋਕਾਂ ਦੇ ਸਾਹਮਣੇ ਰੱਖੋ। ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋਵੇ ਤਾਂ ਜੋ ਪੂਰੇ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਇੱਕ ਭੰਬਲਭੂਸਾ ਹੈ ਕਿ ਕੀ ਇਹ ਸਿਰਫ ਰਾਜਨੀਤੀ ਹੋ ਰਹੀ ਹੈ ਅਤੇ ਕੋਈ ਆਫਰ ਨਹੀਂ ਆਇਆ। ਤੁਸੀਂ ਜ਼ਰੂਰ ਇਸ ਮੁੱਦੇ ਦੇ ਉੱਤੇ ਵਿਚਾਰ ਕਰੋ। ਇਸ ਦੇ ਨਾਲ ਹੀ ਜਿਹੜੇ ਅੱਜ ਪੰਜਾਬ ਦੇ ਲਾਅ ਐਂਡ ਆਰਡਰ ਦੇ ਹਾਲਾਤ ਹਨ, ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ। ਅੱਜ ਦੋਸ਼ੀ, ਗੈਂਗਸਟਰ ਪੁਲਿਸ ਕੱਸਟਡੀ ਦੇ ਵਿੱਚੋਂ ਭੱਜੇ ਹਨ। ਇਸ ਦੇ ਲਈ ਵੀ ਸਰਕਾਰ ਦੀ ਬਹੁਤ ਵੱਡੀ ਅਣਗਹਿਲੀ ਹੈ। ਜਦੋਂ ਦੀ ਇਹ ਸਰਕਾਰ ਬਣੀ ਹੈ ਪੰਜਾਬ ਦੇ ਲਾਅ ਐਂਡ ਆਰਡਰ ਦੇ ਹਾਲਾਤ ਬੜੇ ਮਾੜੇ ਹਨ। ਇਸ ਦਾ ਖਾਮਿਆਜ਼ਾ ਸੰਗਰੂਰ ਇਲੈਕਸ਼ਨ ਦੇ ਵਿੱਚ ਵੀ ਸਰਕਾਰ ਨੂੰ ਭੁਗਤਣਾ ਪਿਆ ਹੈ। ਇਸ ਦੇ ਨਾਲ ਹੀ ਮੈਂ ਇੱਕ ਜ਼ਰੂਰੀ ਗੱਲ ਹੋਰ ਕਰਨੀ ਚਾਹੁੰਦਾ ਹਾਂ ਮੈਨੂੰ ਜ਼ੀਰੋ ਆਵਰ ਦੇ ਵਿੱਚ ਸਮਾਂ ਨਹੀਂ ਮਿਲਿਆ। ਸੜਕਾਂ ਦੇ ਹਾਲਾਤ ਇਸ

ਤਰ੍ਹਾਂ ਦੇ ਹਨ ਕਿ ਪੱਥਰ ਪਏ ਨੂੰ ਛੇ ਮਹੀਨੇ ਹੋ ਗਏ ਹਨ। ਠੇਕੇਦਾਰਾਂ ਦੇ ਰੇਟ ਰਿਵਾਈਜ਼ ਨਹੀਂ ਕੀਤੇ ਗਏ ਹਨ। ਇਸ ਕਰਕੇ ਉਹ ਪੱਥਰ ਗੱਡੀਆਂ ਦੇ ਟਾਇਰਾਂ ਨਾਲ ਲੋਕਾਂ ਦੇ ਵੱਜ ਰਹੇ ਹਨ। ਗੱਡੀਆਂ ਦੇ ਸ਼ੀਸ਼ੇ ਟੁੱਟ ਰਹੇ ਹਨ, ਦੁਕਾਨਦਾਰਾਂ ਦੀਆਂ ਦੁਕਾਨਾਂ ਦੇ ਸ਼ੀਸ਼ੇ ਟੁੱਟ ਰਹੇ ਹਨ। ਇਹ ਬਹੁਤ ਮਾੜੇ ਹਾਲਾਤ ਹਨ। ਸਰਕਾਰ ਨੂੰ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਡਿਵੈਲਪਮੈਂਟ ਦੇ ਮੁੱਦੇ ਤੇ ਜਲਦੀ ਤੋਂ ਜਲਦੀ ਧਿਆਨ ਦੇ ਕੇ ਕੰਮ ਕੀਤਾ ਜਾਵੇ। ਮਾਈਨਿੰਗ ਦੀ ਬਹੁਤ ਵੱਡੀ ਸਮੱਸਿਆ ਹੈ, ਅੱਜ ਰੇਤਾ ਬਹੁਤ ਮਹਿੰਗਾ ਹੋ ਚੁੱਕਾ ਹੈ। ਸੋ, ਇਸ ਤਰ੍ਹਾਂ ਪੰਜਾਬ ਦੇ ਜਿਹੜੇ ਲੋਕਾਂ ਦੇ ਮੁੱਦੇ ਹਨ, ਜੋ ਸਰਕਾਰ ਨੇ ਲੋਕਾਂ ਨਾਲ ਵਾਅਦੇ ਕੀਤੇ ਹਨ, ਉਹ ਸਰਕਾਰ ਵੱਲੋਂ ਜਲਦੀ ਤੋਂ ਜਲਦੀ ਪੂਰੇ ਕੀਤੇ ਜਾਣ। ਮੁਲਾਜ਼ਮ ਧਰਨੇ ਲਗਾ ਰਹੇ ਹਨ, ਟੈਂਕੀਆਂ ਤੇ ਚੜ੍ਹੇ ਹੋਏ ਹਨ, ਉਨ੍ਹਾਂ ਦੀਆਂ ਮੰਗਾਂ ਜ਼ਰੂਰ ਪ੍ਰਵਾਨ ਕੀਤੀਆਂ ਜਾਣ। ਮੈਂ ਇਸ ਪ੍ਰਸਤਾਵ ਦੇ ਵਿਰੋਧ ਵਿੱਚ ਹਾਂ ਕਿ ਇਸ ਨੂੰ ਲਿਆਉਣ ਦੀ ਕੋਈ ਲੋੜ ਨਹੀਂ ਸੀ। ਧੰਨਵਾਦ ਜੀ।

03.20/ਪ.ਸ਼/ਮ.ਸ਼

**ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ (ਬੀਬਾ ਅਨਮੋਲ ਗਗਨ ਮਾਨ) :** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ। ਜਦੋਂ ਦੇਸ਼ ਦੇ ਵਿੱਚ ਭਾਜਪਾ ਲੋਕਤੰਤਰਿਕ ਢੰਗ ਦੇ ਨਾਲ ਆਪਣੀ ਸਰਕਾਰ ਨਹੀਂ ਬਣਾ ਸਕਦੀ ਤਾਂ ਫਿਰ ਉਹ ਓਪਰੇਸ਼ਨ ਲੋਟਸ ਚਲਾਉਂਦੀ ਹੈ, ਜਿਸ ਦੇ ਉੱਤੇ ਬੜਾ ਰੌਲਾ ਪੈ ਰਿਹਾ ਹੈ। ਇਸ ਓਪਰੇਸ਼ਨ ਤਹਿਤ ਉਹ ਵੱਖ-ਵੱਖ ਸੂਬਿਆਂ ਦੇ ਵਿੱਚ ਜਾਂਦੀ ਹੈ ਅਤੇ ਹੋਰਾਂ ਪਾਰਟੀਆਂ ਦੇ ਐਮ.ਐਲ.ਏਜ਼. ਖਰੀਦ ਲੈਂਦੀ ਹੈ। ਇਹ ਪੰਜਾਬ ਦੇ ਵਿੱਚ ਕੋਈ ਨਵਾਂ ਨਹੀਂ ਹੈ। ਸਪੀਕਰ ਸਾਹਿਬ, ਅੱਜ ਮੈਂ ਉਸ ਦੇ ਉੱਤੇ ਕੁਝ ਕੁ ਮਿੰਟਾਂ ਦੀ ਕਵਿਤਾ ਲਿਖੀ ਹੈ ਤੇ ਉਮੀਦ ਹੈ ਕਿ ਸਾਰਿਆਂ ਨੂੰ ਠੀਕ ਲੱਗੇਗੀ।

ਓਪਰੇਸ਼ਨ ਲੋਟਸ ਤੇ ਬਵਾਲ ਹੋ ਗਿਆ
ਲੋਕਤੰਤਰ ਤੇ ਖੜ੍ਹਾ ਸਵਾਲ ਹੋ ਗਿਆ
ਲੋਕਾਂ ਨੇ ਵੋਟਾਂ ਪਾਈਆਂ ਤੇ ਉਨ੍ਹਾਂ ਨੇ ਕਰੋੜਾਂ ਦੇ ਵਿੱਚ ਵੇਚ ਦਿੱਤੀਆਂ
ਉਹ ਲੀਡਰ ਨਹੀਂ, ਦਲਾਲ ਹੋ ਗਿਆ (ਥੰਪਿੰਗ)
ਕਿਸ ਪਾਰਟੀ ਦੇ, ਕਿਸ ਪਾਰਟੀ ਦੇ ਐਮ.ਐਲ.ਏ. ਭਾਜਪਾ ਦੇ ਵਿੱਚ ਰੱਲਦੇ ਨੇ
ਇਹ ਸੁਣ ਕੇ ਕਈਆਂ ਦਾ ਮੂੰਹ ਲਾਲ ਹੋ ਗਿਆ
ਓਪਰੇਸ਼ਨ ਲੋਟਸ ਉਤੇ ਬਵਾਲ ਹੋ ਗਿਆ
ਲੋਕਤੰਤਰ ਤੇ ਖੜ੍ਹਾ ਸਵਾਲ ਹੋ ਗਿਆ
ਕਾਂਗਰਸ ਕਹਿੰਦੀ ਓਪਰੇਸ਼ਨ ਲੋਟਸ ਦੇ ਖਿਲਾਫ ਮਤਾ ਅਸੀਂ ਪੈਣ ਨਹੀਂ ਦੇਣਾ

ਵਿਧਾਨ ਸਭਾ ਦਾ ਸੈਸ਼ਨ ਅਸੀਂ ਹੋਣ ਨਹੀਂ ਦੇਣਾ

ਕਿਉਂਕਿ ਭਾਜਪਾ ਦਾ ਚਿਹਰਾ ਬੇਨਕਾਬ ਅਸੀਂ ਹੋਣ ਨਹੀਂ ਦੇਣਾ

ਆਹ ਤਾਂ ਜੀ ਕਮਾਲ ਹੋ ਗਿਆ

ਲੋਕਤੰਤਰ ਤੇ ਖੜ੍ਹਾ ਸਵਾਲ ਹੋ ਗਿਆ

ਓਪਰੇਸ਼ਨ ਲੋਟਸ ਉੱਪਰ ਬਵਾਲ ਹੋ ਗਿਆ

22 ਐਮ.ਐਲ.ਏ. ਮੱਧ ਪ੍ਰਦੇਸ਼ ਚ, 16 ਕਰਨਾਟਕਾ ਚ, 11 ਗੋਆ ਵਿੱਚ

ਤੇ ਕਈ ਵੱਡੇ ਲੀਡਰ ਪੰਜਾਬ ਵਿੱਚ ਟਰਾਂਸਫਰ ਕਾਂਗਰਸ ਟੂ ਬੀ.ਜੇ.ਪੀ.

ਇਹ ਕੀ ਗੋਲਮਾਲ ਹੋ ਗਿਆ(ਥੰਪਿੰਗ)

ਓਪਰੇਸ਼ਨ ਲੋਟਸ ਉੱਪਰ ਬਵਾਲ ਹੋ ਗਿਆ

ਤੇ ਭਗਵੰਤ ਮਾਨ ਜੀ ਦੀ ਸਰਕਾਰ ਵਿੱਚ ਇਨ੍ਹਾਂ ਦਾ ਬੁਰਾ ਹਾਲ ਹੋ ਗਿਆ

ਅਰਵਿੰਦ ਕੇਜਰੀਵਾਲ ਜੀ ਗੁਜਰਾਤ ਵਿੱਚ ਕਰ ਰਹੇ ਹਨ ਆਵਾਜ਼ ਬੁਲੰਦ

ਉਹ ਬਣ ਰਹੇ ਨੇ ਦੇਸ਼ ਦੀ ਪਹਿਲੀ ਪਸੰਦ

ਓਪਰੇਸ਼ਨ ਲੋਟਸ ਫੇਲ੍ਹ ਹੋਇਆ ਭਾਜਪਾ ਦਾ,

ਪਰ ਪਤਾ ਨਹੀਂ ਕਾਂਗਰਸ ਦਾ ਕਿਉਂ ਬੁਰਾ ਹਾਲ ਹੋ ਗਿਆ

ਲੋਕਤੰਤਰ ਤੇ ਖੜ੍ਹਾ ਸਵਾਲ ਹੋ ਗਿਆ

ਵੋਟਾਂ ਤੋਂ ਪਹਿਲਾਂ ਇਹ ਦੋਨੋਂ ਹੱਥ ਮਿਲਾਉਂਦੇ ਨੇ

ਜੇ ਭਾਜਪਾ ਦੇ ਐਮ.ਐਲ.ਏ ਘੱਟ ਜਾਣ ਤਾਂ ਆਪਣੇ ਉਨ੍ਹਾਂ ਨਾਲ ਰਲਾਉਂਦੇ ਹਨ

ਲੋਕਤੰਤਰ ਦਾ ਗਲਾ ਘੁੱਟ ਕੇ ਇਹ ਭਾਜਪਾ ਦੀ ਸਰਕਾਰ ਬਣਾਉਂਦੇ ਨੇ

ਇਹ ਤਾਂ ਲੋਕਾਂ ਦੀਆਂ ਵੋਟਾਂ ਨਾਲ ਖਿਲਵਾੜ ਹੋ ਗਿਆ

ਲੋਕਤੰਤਰ ਤੇ ਖੜ੍ਹਾ ਸਵਾਲ ਹੋ ਗਿਆ

ਓਪਰੇਸ਼ਨ ਲੋਟਸ ਉੱਪਰ ਬਵਾਲ ਹੋ ਗਿਆ

ਪਰ ਪਤਾ ਨਹੀਂ ਕਿਉਂ ਕਾਂਗਰਸ ਦਾ ਬੁਰਾ ਹਾਲ ਹੋ ਗਿਆ।

ਸੋ, ਬਹੁਤ-ਬਹੁਤ ਧੰਨਵਾਦ। ਮੈਂ ਉਮੀਦ ਕਰਾਂਗੀ ਕਿ ਕਵਿਤਾ ਦੇ ਰੂਪ ਵਿੱਚ ਜਿਹੜਾ ਓਪਰੇਸ਼ਨ ਲੋਟਸ ਚਲ ਰਿਹਾ ਹੈ ਅਤੇ ਜਿਸ ਤੇ ਮੈਂ ਟਿੱਪਣੀ ਕੀਤੀ ਹੈ, ਪੰਜਾਬ ਨੂੰ ਅਤੇ ਜਿਹੜਾ ਸੁਣ ਰਿਹਾ ਹੈ (ਸਾਰਿਆਂ ਨੂੰ) ਠੀਕ ਲੱਗਿਆ ਹੋਵੇਗਾ। ਇਹ ਜਿਹੜਾ ਭਾਜਪਾ ਦਾ ਓਪਰੇਸ਼ਨ ਲੋਟਸ ਹੈ, ਇਹ ਕੋਈ ਪੰਜਾਬ ਵਿੱਚ ਨਵਾਂ ਨਹੀਂ ਹੈ। ਇਹ ਉਨ੍ਹਾਂ ਦੀ ਆਦਤ ਹੈ। ਉਨ੍ਹਾਂ ਦੀਆਂ ਲੋਕਾਂ ਦਾ ਦਿਲ ਜਿੱਤ ਕੇ ਜਾਂ ਵੋਟਾਂ ਲੈ ਕੇ ਸਰਕਾਰ ਘੱਟ ਬਣਦੀ ਹੈ ਕਿਉਂਕਿ ਉਨ੍ਹਾਂ ਦਾ ਚਿਹਰਾ ਬੇਨਕਾਬ ਹੋ ਚੁੱਕਿਆ ਹੈ। ਅੱਜ ਭਾਜਪਾ ਡਰਦੀ ਹੈ

ਕਿਉਂਕਿ ਦੇਸ਼ ਵਿੱਚ ਭਾਜਪਾ ਦਾ ਬਦਲ ਅਰਵਿੰਦ ਕੇਜਰੀਵਾਲ ਜੀ ਹਨ। ਜਿਸ ਦਿਨ ਕੇਜਰੀਵਾਲ ਜੀ ਦੇਸ਼ ਦੇ ਪ੍ਰਧਾਨ ਮੰਤਰੀ ਬਣ ਜਾਂਦੇ ਹਨ, ਨਾਲ ਹੀ ਨਾਲ ਭਾਜਪਾ ਬੇਨਕਾਬ ਹੋ ਜਾਵੇਗੀ। ਕਾਂਗਰਸ ਵੀ ਨਾਲ ਹੀ ਨਾਲ ਬੇਨਕਾਬ ਹੋ ਜਾਵੇਗੀ ਕਿਉਂਕਿ ਜਿਹੜੀਆਂ ਭਾਜਪਾ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਹਨ, ਇਹ ਕਾਰਪੋਰੇਟ ਘਰਾਨਿਆਂ ਨੂੰ ਬਲ ਦਿੰਦੀ ਹੈ। ਜਿਹੜਾ ਭਾਜਪਾ ਨੇ ਲੋਕਾਂ ਦੇ ਟੈਕਸਾਂ ਦਾ ਪੈਸਾ ਖਰਚ ਕਰਨਾ ਹੈ, ਉਹ ਐਮ.ਐਲ.ਏ. ਦੀ ਖਰੀਦ ਤੇ ਕਰਨਾ ਹੈ ਅਤੇ ਜਿਸ ਦਿਨ ਦੇਸ਼ ਦੇ ਪ੍ਰਧਾਨ ਮੰਤਰੀ ਅਰਵਿੰਦ ਕੇਜਰੀਵਾਲ ਜੀ ਨੇ ਬਣਨਾ ਹੈ, ਉਸ ਦਿਨ ਪਤਾ ਲੱਗੇਗਾ ਕਿ ਜਿਹੜਾ ਪੈਸਾ ਖਰਚ ਹੋ ਰਿਹਾ ਹੈ, ਉਹ ਦੇਸ਼ ਨੂੰ ਨੰਬਰ ਇੱਕ ਬਣਾਉਣ ਦੇ ਲਈ ਖਰਚ ਕੀਤਾ ਜਾ ਰਿਹਾ ਹੈ, ਹਸਪਤਾਲਾਂ ਦੇ ਉੱਤੇ ਖਰਚ ਹੋ ਰਿਹਾ ਹੈ, ਬੱਚਿਆਂ ਦੀ ਸਿੱਖਿਆ ਅਤੇ ਰੁਜ਼ਗਾਰ ਦੇ ਉੱਤੇ ਖਰਚ ਕੀਤਾ ਜਾ ਰਿਹਾ ਹੈ। ਇਹ ਇਸੇ ਗੱਲ ਤੋਂ ਡਰਦੇ ਹਨ ਕਿ ਜਿੱਥੇ-ਜਿੱਥੇ ਆਮ ਆਦਮੀ ਪਾਰਟੀ ਬਣਦੀ ਜਾਣੀ ਹੈ, ਦੇਸ਼ ਬਦਲਦਾ ਜਾਣਾ ਹੈ। ਅੱਜ ਇਹ ਇਸੇ ਗੱਲ ਤੋਂ ਘਬਰਾ ਕੇ ਇਹ ਸਾਰੀਆਂ ਪਾਰਟੀਆਂ ਸਾਡੀ ਆਮ ਆਦਮੀ ਪਾਰਟੀ ਦੇ ਖਿਲਾਫ ਹੋਈਆਂ ਹਨ। ਅਸੀਂ ਮਿੱਟੀ ਦੇ ਪੁੱਤ ਹਾਂ, ਮਿੱਟੀ ਤੋਂ ਜੰਮੇ ਹਾਂ ਅਤੇ ਸਾਨੂੰ ਲੋਕਾਂ ਨੇ ਬਣਾਇਆ ਹੈ ਅਤੇ ਅਸੀਂ ਆਖਰੀ ਸਾਹ ਤੱਕ ਲੋਕਾਂ ਲਈ ਲੜਾਂਗੇ, ਲੋਕਾਂ ਦੀ ਆਵਾਜ਼ ਬਣਾਂਗੇ। ਬਸ, ਮੈਂ ਪੰਜਾਬ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਸਾਡੇ ਤੇ ਵਿਸ਼ਵਾਸ ਰੱਖੋ, ਤੁਹਾਡੇ ਬੱਚੇ ਹਾਂ। ਸਾਨੂੰ ਬਲ ਬਖਸ਼ੋ। ਹੌਲੀ ਹੌਲੀ ਕਰਕੇ ਸਾਰਾ ਕੁਝ ਠੀਕ ਕਰ ਦੇਵਾਂਗੇ। ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਟਾਈਮ ਦਿੱਤਾ (ਥੰਪਿੰਗ)। ਸ਼ੁਕਰੀਆ ਜੀ।

**ਮਾਨਯੋਗ ਡਿਪਟੀ ਸਪੀਕਰ**: ਐਮ.ਐਲ.ਏ ਸਾਹਿਬ ਸਰਦਾਰ ਗੱਜਣਮਾਜਰਾ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ)**: ਮਾਨਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਓਪਰੇਸ਼ਨ ਲੋਟਸ ਤੇ ਬੋਲਣ ਵਾਸਤੇ ਵਕਤ ਦਿੱਤਾ। ਮੈਂ ਸਾਰੀ ਡਿਸਕਸ਼ਨ ਵਿੱਚੋਂ, ਕਈ ਚੀਜ਼ਾਂ ਨੂੰ ਸਿਧਾਂਤਕ ਤੌਰ ਤੇ ਵੀ ਦੇਖਦਾ ਹਾਂ।

**3.25/ਜਸਪਾਲ/3.10.22/ਮੋਨਿਕਾ**

ਜਿਹੜੀ ਕਾਂਗਰਸ ਹੈ ਉਹ ਕਿਉਂ ਲੜ-ਖੜਾ ਰਹੀ ਹੈ, ਕਿਉਂ ਰੋ ਰਹੀ ਹੈ, ਉਸ ਦਾ ਦੁੱਖ ਕੀ ਹੈ, ਅੰਦਰਲਾ ਦਰਦ ਕੀ ਹੈ, ਉਹ ਕਹਿੰਦੇ ਹਨ ਕਿ ਮਾਨ ਸਾਹਿਬ ਕਿਉਂ ਲੈ ਕੇ ਆਏ ਹਨ, ਜਿਹੜਾ ਸਿਆਣਾ ਘਰ ਦਾ ਮੁੱਖੀ ਹੁੰਦਾ ਹੈ, ਕਈ ਵਾਰੀ ਆਪਣੇ ਪਰਿਵਾਰ ਤੋਂ ਵੀ ਪੁੱਛ ਲੈਂਦਾ ਹੈ ਕਿ ਤੁਸੀਂ ਮੇਰੇ ਕੰਮ ਤੋਂ ਸਹਿਮਤ ਹੋ, ਸਹੀ ਹੋ, ਕੀ ਮੈਂ ਕੰਮ ਠੀਕ ਕਰ ਰਿਹਾ ਹਾਂ। ਜੇ ਘਰ ਦਾ ਮੁੱਖੀ ਆਪਣੇ ਪਰਿਵਾਰ ਨਾਲ ਰਾਏ ਕਰਦਾ ਹੈ ਤਾਂ ਇਸ ਵਿਚ ਮਾੜੀ ਕੀ ਗੱਲ ਹੈ? ਅੱਜ ਅਸੀਂ ਆਪਣੀ ਮਾਨ ਸਾਹਿਬ ਦੀ ਸਰਕਾਰ ਦੇ ਵਿੱਚ ਵਿਸ਼ਵਾਸ ਪ੍ਰਗਟ ਕਰਨ ਲਈ ਖੜ੍ਹੇ ਹੋਏ ਹਾਂ। **ਮੈਂ** ਵਿਸ਼ਵਾਸ ਮੱਤ ਵਿੱਚ ਵਿਸ਼ਵਾਸ ਪ੍ਰਗਟ ਕਰਦਾ ਹਾਂ। ਪੰਜਾਬ ਦੀ ਧਰਤੀ ਦੇ ਵਿਚੋਂ ਜਿਹੜਾ ਸਾਨੂੰ ਆਸ਼ੀਰਵਾਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ, ਜਦੋਂ ਬਾਬਰ ਨੇ ਹਮਲਾ ਕੀਤਾ

ਸੀ ਤਾਂ ਉਹ ਬਾਬਰ ਦੇ ਸਾਹਮਣੇ ਅੜ੍ਹ ਗਏ ਸੀ । ਗੁਰੂ ਸਾਹਿਬ ਨੇ ਉਨ੍ਹਾਂ ਦੇ ਜ਼ੁਲਮਾਂ ਦੇ ਬਰਖਿਲਾਫ ਆਵਾਜ਼ ਉਠਾਈ । ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਚ ਜਾ ਕੇ ਸੀਸ ਦਿੱਤਾ। ਅਸੀਂ, ਸਾਡੇ ਦਿਲਾਂ ਉਤੇ, ਸਾਡੇ ਪੰਜਾਬੀਆਂ ਉਤੇ, ਪੂਰੇ ਵਿਸ਼ਵ ਵਿੱਚ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਨਹੀਂ ਭੁੱਲ ਸਕਦੇ। ਉਨ੍ਹਾਂ ਨੇ ਕਿਸੇ ਦਾ ਹੁਕਮ ਕਿਸੇ ਦੇ ਲਾਲਚ ਦੇ ਵਿਚ ਆਉਣ ਦੀ ਬਜਾਏ, ਆਪਣੀ ਸ਼ਹੀਦੀ ਦੇ ਕੇ ਸਾਨੂੰ ਪੂਰੀ ਦੁਨੀਆਂ ਨੂੰ ਜਾਗਰੂਕ ਕੀਤਾ। ਅਸੀਂ ਕਿਵੇਂ ਕਿਸੇ ਜ਼ੁਲਮ ਜਾਂ ਕਿਸੇ ਲਾਲਚ ਦੇ ਵਿੱਚ ਆ ਸਕਦੇ ਹਾਂ? ਮੈਂ ਵੇਖਦਾ ਹਾਂ ਕਿ ਜਿਹੜੀ ਕਾਂਗਰਸ ਹੈ, 1975 ਵਿੱਚ ਵੀ ਇਹ ਡਿਕਟੇਟਰਸ਼ਿਪ ਬਣੀ ਸੀ, ਐਮਰਜੈਂਸੀ ਲਗਾਈ ਸੀ ਤੇ ਅੱਜ ਭਾਜਪਾ, ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਦੇ ਸੰਵਿਧਾਨ ਨੂੰ ਕਿਸੇ ਬੜੇ ਹੀ, ਬਿਨਾਂ ਕਿਸੇ ਤਰੀਕੇ ਦੇ ਨਾਲ ਬਦਲਣ ਦੀ ਯਤਨ ਕਰ ਰਹੀ ਹੈ, ਉਹ ਕਿਵੇਂ-ਕਿਵੇਂ ਬਦਲਦੀ ਹੈ। ਮਤਲਬ ਹੈਰਾਨੀ ਹੁੰਦੀ ਹੈ ਕਿ ਵੋਟਾਂ ਪੁਆਉਣ ਉਤੇ ਜਿੱਤੇ ਵਿਆਹ ਦੇ ਵਿਚੋਂ ਵੀ ਆਪਣੇ ਪੱਖ ਵਿਚ ਲਿਜਾ ਕੇ ਉਨ੍ਹਾਂ ਦੀਆਂ ਸਰਕਾਰਾਂ ਗਿਰਾਉਂਦੀਆਂ ਹਨ, ਕਿਸ ਦੀਆਂ? ਕਾਂਗਰਸ ਦੀਆਂ। ਸਾਰੇ ਸਟੇਟਾਂ ਦੇ ਬਾਰੇ ਸਾਡੇ ਬੁਲਾਰਿਆਂ ਨੇ ਨਾਂ ਬੋਲੇ ਹਨ, ਉਹ ਸਾਰੇ ਨਾਂ ਮੈਂ ਰਿਪੀਟ ਨਹੀਂ ਕਰਨਾ ਚਾਹੁੰਦਾ ਪਰ ਜਿਹੜੇ ਬੰਦੇ ਦਾ ਸਭ ਤੋਂ ਵੱਧ ਨੁਕਸਾਨ ਹੋਵੇ, ਉਹ ਵੀ ਤੇ ਅਸੀਂ ਉਸ ਦੇ ਹੱਕ ਦੀ ਗੱਲ ਕਰ ਦੇਈਏ ਤਾਂ ਉਹ ਵੀ ਸਾਡੇ ਉਲਟ ਬੋਲੇ। ਮੈਨੂੰ ਇੱਕ ਗੱਲ ਹਿਸਟਰੀ ਵਿੱਚੋਂ ਯਾਦ ਆਉਂਦੀ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਫੂਲਕੀਆ ਰਿਆਸਤਾਂ ਉਤੇ ਕਬਜ਼ਾ ਕਰਨ ਦੀ, ਉਨ੍ਹਾਂ ਨੂੰ ਸਿੱਖ ਰਾਜ ਵਿੱਚ ਮਿਲਾਉਣ ਦੀ ਤਿੰਨ ਮੁਹਿੰਮਾਂ ਕੀਤੀਆਂ ਹਨ ਤਾਂ ਇਨ੍ਹਾਂ ਦੀ ਜੀਂਦ ਦੇ ਵਿੱਚ ਫੂਲਕੀਆ ਮਿਸਲ ਦੀ ਇੱਕ ਬੈਠਕ ਹੋਈ, ਉਸ ਬੈਠਕ ਵਿਚ ਇਨ੍ਹਾਂ ਨੇ ਫੈਸਲਾ ਕੀਤਾ ਕਿ ਆਪਾਂ ਕੀ ਕਰੀਏ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਆਪਾਂ ਮਰ ਰਹੇ ਹਾਂ, ਬਚਣਾ ਕਿਵੇਂ ਹਾਂ। ਉਹ ਕਹਿੰਦੇ ਸੀ ਕਿ ਇਕ ਪਾਸੇ ਸਾਨੂੰ ਪਲੇਗ ਵਾਂਗ ਸਾਨੂੰ ਰਣਜੀਤ ਸਿੰਘ ਮਿੰਟਾਂ ਵਿਚ ਖਾ ਜਾਊ, ਦੂਜੇ ਪਾਸੇ ਤਪਦਿਕ ਦੀ ਬਿਮਾਰੀ ਹੈ ਕਿ ਹੌਲੀ ਹੌਲੀ ਜਿਊਂਦੇ ਰਹਾਂਗੇ। ਅੱਜ ਕਾਂਗਰਸ ਭਾਜਪਾ ਦੀ ਸਪੋਰਟ ਕਿਉਂ ਕਰ ਰਹੀ ਹੈ, ਉਹ ਹੌਲੀ ਹੌਲੀ ਹੌਲੀ ਜਿਊਂਦਾ ਹੋਣਾ ਚਾਅ ਰਹੀ ਹੈ ਕਿਉਂਕਿ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ, ਲੋਕਾਂ ਦੇ ਦਿਲਾਂ ਉਤੇ ਰਾਜ ਕਰ ਰਹੀਆਂ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦੀਆਂ ਨੀਤੀਆਂ ਕਾਂਗਰਸ ਲਈ ਸਭ ਤੋਂ ਵੱਡੀਆਂ ਦੁਸ਼ਮਣ ਬਣੀਆਂ ਹੋਈਆਂ ਹਨ । ਉਹ ਨਹੀਂ ਚਾਹੁੰਦੇ ਕਿ ਇਹ ਲੋਕਾਂ ਦੇ ਹੱਕਾਂ ਦੇ ਕੰਮ ਕਰਨ, ਉਹ ਨਹੀਂ ਚਾਹੁੰਦੇ ਕਿ ਇਹ ਸਾਨੂੰ ਸਾਰੀਆਂ ਸਟੇਟਾਂ ਵਿਚੋਂ ਖਤਮ ਕਰਦੇ ਜਾਣ। ਅੱਜ ਕਾਂਗਰਸ ਦੀ ਇਹ ਕਲਾਸ ਬੁੱਢੀ ਹੋ ਚੁੱਕੀ ਹੈ। ਇਸ ਕਰਕੇ ਅੱਜ ਹਾਊਸ ਵਿੱਚ ਇਹ ਮਤਾ ਆਇਆ ਹੈ, ਇਸ ਲਈ ਕਾਂਗਰਸ ਨੂੰ, ਸਾਨੂੰ ਮੁਬਾਰਕਬਾਦ ਦੇਣੀ ਚਾਹੀਦੀ ਸੀ, ਮਾਨ ਸਾਹਿਬ ਨੂੰ ਦੇਣੀ ਚਾਹੀਦੀ ਸੀ ਕਿ ਤੁਸੀਂ ਇਹ ਬਹੁਤ ਵਧੀਆ ਕੰਮ ਕੀਤਾ ਹੈ, ਜਿਹੜਾ ਕੰਮ ਸਾਡੀਆਂ ਸਰਕਾਰਾਂ ਕਦੇ ਨਹੀਂ ਕਰ ਸਕੀਆਂ, ਇਹ ਤੁਸੀਂ ਕੀਤਾ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਇਹ ਉਨ੍ਹਾਂ ਦੀ ਸੋਚ ਕਿੱਧਰ ਨੂੰ ਜਾ ਰਹੀ ਹੈ, ਇਸ ਤੋਂ ਵੈਸੇ ਸਿੱਧੀ ਨਿਸ਼ਾਨੀ ਹੈ ਕਿ ਜਿਵੇਂ ਕਹਿੰਦੇ ਹੁੰਦੇ ਹਾਂ ਕਿ ਪਿੱਪਲ ਦੇ ਪੱਤਿਆ ਕਿਉਂ

ਖੜ–ਖੜ ਲਾਈ ਹੈ, ਪੱਤ ਪੁਰਾਣੇ ਝੜ ਗਏ, ਰੁੱਤ ਨਵਿਆਂ ਦੀ ਆਈ ਹੈ। ਇਹ ਬਹੁਤ ਜਲਦੀ, ਕਾਂਗਰਸ ਦੀ ਭਾਰਤ ਵਿਚ ਜੋ ਵੀ ਬੋਲ ਬਾਣੀ ਹੈ, ਮੈਨੂੰ ਲੱਗਦਾ ਹੈ ਕਿ ਜਲਦੀ ਹੀ ਲੋਕ ਇਸ ਨੂੰ ਨਕਾਰ ਕੇ ਸਦਾ ਦੇ ਲਈ ਹੋਰ ਸਟੇਟਾਂ ਦੇ ਵਿਚੋਂ ਵੀ ਖਤਮ ਕਰ ਦੇਣਗੇ। ਅੱਜ ਗੁਜਰਾਤ ਦੇ ਵਿਚੋਂ ਕਾਂਗਰਸ ਨੂੰ ਭਾਜਪਾ ਨਾਲੋਂ ਵੱਧ ਦੁੱਖ ਲੱਗ ਰਿਹਾ ਹੈ ਕਿਉਂਕਿ ਉੱਥੇ ਸਾਰੇ ਕਾਂਗਰਸੀ, ਆਮ ਆਦਮੀ ਪਾਰਟੀ ਦੀ ਪੂਰੀ ਸਪੋਰਟ ਵਿਚ ਆ ਰਹੇ ਹਨ, ਹਿਮਾਚਲ ਵਿਚ ਆ ਰਹੇ ਹਨ, ਵੱਡੀ ਬਿਮਾਰੀ ਕਾਂਗਰਸ ਨੂੰ ਇਹੀ ਹੈ, ਇਸ ਕਰਕੇ

ਬ.ਕ./ਸ਼.ਜ/3.10.22/3.30

ਭਾਜਪਾ ਦੀ ਡਿਕਟੇਟਰਸ਼ਿਪ ਵਾਸਤੇ ਮੈਂ ਇਕ ਨਵਾਂ ਸ਼ਬਦ ਸੋਚ ਰਿਹਾ ਹਾਂ। ਜਿਸ ਤੋਂ ਅੱਜ ਭਾਰਤੀ ਸੰਵਿਧਾਨ ਨੂੰ ਬਚਾਉਣ ਦੀ ਲੋੜ ਹੈ ਕਿਉਂਕਿ ਇਕ ਡੈਮੋਕ੍ਰੇਟਿਕ ਡਿਕਟੇਟਰਸ਼ਿਪ ਪੈਦਾ ਹੋ ਰਹੀ ਹੈ। ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਦੁਨੀਆ ਵਿੱਚ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਕਹਾਉਣ ਵਾਲਾ ਅੱਜ ਦੇਖ ਰਿਹਾ ਹੈ ਕਿ ਕਿਵੇਂ ਥਾਂ ਥਾਂ ਤੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਅਸੀਂ ਅੱਜ ਮਾਨ ਸਾਹਿਬ ਦੇ ਲੋਕ ਪੱਖੀ ਕੰਮਾਂ ਕਰਕੇ ਧੰਨਵਾਦੀ ਹਾਂ। ਇਹ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਇਸ ਕਰਕੇ ਮਾਨ ਸਾਹਿਬ ਦੇ ਉਲਟ ਹਨ ਕਿ ਇਨ੍ਹਾਂ ਨੇ ਗਰੀਬਾਂ ਦੇ ਬਿਲ ਕਿਉਂ ਮਾਫ ਕਰ ਦਿੱਤੇ। ਇਸ ਕਰਕੇ ਕਾਂਗਰਸੀ ਔਖੇ ਹਨ ਕਿ ਇਹ ਕਿਉਂ ਸਕੂਲ ਸੁਧਾਰ ਰਹੇ ਹਨ। ਇਹ ਇਸ ਕਰਕੇ ਔਖੇ ਹਨ ਕਿ ਇਨ੍ਹਾਂ ਨੇ ਹਸਪਤਾਲ ਕਿਉਂ ਸੁਧਾਰ ਦਿੱਤੇ। ਇਹ ਕਿਉਂ ਸਾਰਾ ਸਿਸਟਮ ਠੀਕ ਕਰ ਰਹੇ ਹਨ? ਜਿਹੜੀਆਂ ਪੰਚਾਇਤੀ ਜ਼ਮੀਨਾਂ ਦੱਬੀਆਂ ਹੋਈਆਂ ਸਨ, ਉਸ ਨੂੰ ਸਾਡੇ ਮੰਤਰੀ ਜੀ ਛੁਡਾ ਰਹੇ ਹਨ। ਮੈਂ ਆਪਣੀ ਲਾਈਫ ਵਿੱਚ ਦੇਖਿਆ ਹੈ ਕਿ ਜੇਕਰ ਕਿਸੇ ਵਿੱਚ ਕਈ ਗੁਣ ਹੋਣ ਤਾਂ ਕਈ ਵਾਰ ਉਹ ਦੂਜੇ ਨੂੰ ਔਗੁਣ ਲਗਦੇ ਹਨ। ਸਾਡੀ ਸਰਕਾਰ ਦੇ ਜਿਹੜੇ ਚੰਗੇ ਗੁਣ ਹਨ, ਇਹ ਅੱਜ ਇਨ੍ਹਾਂ ਨੂੰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਹਜ਼ਮ ਨਹੀਂ ਹੋ ਰਹੇ। ਇਹ ਹਜ਼ਮ ਨਾ ਹੋਣ ਦੀ ਇਹੀ ਵਜ੍ਹਾ ਹੈ ਕਿ ਹੁਣ ਇਨ੍ਹਾਂ ਦਾ ਆਖਰੀ ਪਲ ਹੈ। ਅੱਜ ਦੀ ਕਾਂਗਰਸ ਪਾਰਟੀ ਦੀ ਸੋਚ ਬੁੱਢੀ ਹੋ ਚੁੱਕੀ ਹੈ। ਭਾਰਤ ਦੇ ਆਉਣ ਵਾਲੇ ਸਮੇਂ ਵਿੱਚ ਇਸ ਦੀ ਲੋੜ ਨਹੀਂ ਰਹੀ ਹੈ। ਜਿਨ੍ਹਾਂ ਨੇ ਭਾਰਤ ਨੂੰ ਬਹੁਤ ਪਿੱਛੇ ਪਾ ਦਿੱਤਾ ਸੀ। ਇਸ ਦੇ ਨਾਲ ਹੀ ਅੱਜ ਸਾਨੂੰ ਭਾਜਪਾ ਦੀ ਡਿਕਟੇਟਰਸ਼ਿਪ ਨਾਲ ਲੜਨ ਦੀ, ਜੂਝਣ ਦੀ ਲੋੜ ਹੈ ਜਿਹੜੀ ਕਿ ਲੋਕ ਪੱਖੀ ਸੰਵਿਧਾਨ ਨੂੰ ਬਦਲ ਰਹੀ ਹੈ। ਅਸੀਂ ਸਾਰੇ ਉਸ ਦੇ ਬਰਖਿਲਾਫ ਇਕਜੁਟ ਹੋਈਏ। ਸਾਡੇ ਅਕਾਲੀ ਦਲ ਦੇ ਵੀਰ ਬੈਠੇ ਹਨ, ਜਿਹੜੇ ਕਹਿੰਦੇ ਹਨ ਕਿ ਅਸੀਂ ਇਸ ਦਾ ਵਿਰੋਧ ਕਰਦੇ ਹਾਂ ਪਰ ਇਨ੍ਹਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਕਿਉਂਕਿ ਅਸੀਂ ਡੈਮੋਕ੍ਰੇਸੀ ਦੀ ਲੜਾਈ ਲੜ ਰਹੇ ਹਾਂ। ਜੇ ਵਿਸ਼ਵਾਸ ਮੱਤ ਆਉਂਦਾ ਹੈ ਤਾਂ ਕੀ ਇਹ ਬੁਰੀ ਗੱਲ ਹੈ? ਕਿਸੇ ਦੀ ਰਾਏ ਲੈਂਦੇ ਹਾਂ, ਕੀ ਇਹ ਬੁਰੀ ਗੱਲ ਹੈ? ਮੈਂ ਕਹਿੰਦਾ ਹਾਂ ਕਿ ਇਹ ਸਾਲ ਵਿੱਚ ਤਿੰਨ ਵਾਰ ਆਉਣਾ ਚਾਹੀਦਾ ਹੈ।(ਹਾਸਾ) ਤੁਸੀਂ ਇਕ ਵਾਰ ਵਿੱਚ ਹੀ ਤਿਲਮਿਲਾਉਂਦੇ ਹੋ।(ਥੰਪਿੰਗ) ਤੁਸੀਂ ਸਵੀਡਨ ਜਾਂ ਨਾਰਵੇ ਵਿੱਚ ਜਾਓ ਉਥੇ ਵਿਧਾਨ ਸਭਾ 200 ਦਿਨ ਤੱਕ

ਚਲਦੀ ਹੈ। ਅਸੀਂ ਕਹਿੰਦੇ ਹਾਂ ਕਿ ਖਰਚਾ ਹੋ ਗਿਆ। ਲੋਕਾਂ ਦੀਆਂ ਗੱਲਾਂ ਨੂੰ ਜੇਕਰ ਇੱਥੇ ਨਹੀਂ ਵਿਚਾਰ ਸਕਦੇ, ਲੋਕਾਂ ਦੇ ਦੁਖ ਨੂੰ ਇਸ ਸਭਾ ਵਿੱਚ ਨਹੀਂ ਵਿਚਾਰ ਸਕਦੇ ਫੇਰ ਇਸ ਸਭਾ ਨੂੰ ਚੁਣਨ ਦਾ ਕੀ ਲਾਭ ਹੋਵੇਗਾ? ਇਹ ਖਰਚੇ ਵਿਧਾਨ ਸਭਾ ਨੂੰ ਚਲਾਉਣ ਲਈ ਹਨ ਅਤੇ ਲੋਕਾਂ ਦੇ ਹਿਤਾਂ ਦੀ ਗੱਲ ਕਰਨ ਲਈ ਚੁਣੇ ਹੋਏ ਇਕੱਲੇ ਇਕੱਲੇ ਨੁਮਾਇੰਦੇ ਦੇ ਦਿਲ ਦੀਆਂ ਭਾਵਨਾਵਾਂ ਇੱਥੇ ਆਉਣੀਆਂ ਚਾਹੀਦੀਆਂ ਹਨ। ਮੈਂ ਇਸ ਦੀ ਸਪੋਰਟ ਕਰਦਾ ਹਾਂ ਜੋ ਵਿਸ਼ਵਾਸ ਮੱਤ ਮਾਨ ਸਾਹਿਬ ਲੈ ਕੇ ਆਏ ਹਨ, ਉਸ ਨਾਲ ਪੂਰਨ ਤੌਰ ਤੇ ਗੱਡ ਕੇ ਖੜ੍ਹੇ ਹਾਂ ਅਤੇ ਦੁਨੀਆ ਦੀ ਕੋਈ ਤਾਕਤ ਨਹੀਂ ਹੈ, ਜਿਹੜੀ ਮਾਨ ਸਾਹਿਬ ਦੇ ਸਿਪਾਹੀਆਂ, ਅਰਵਿੰਦਰ ਕੇਜਰੀਵਾਲ ਜੀ ਦੇ ਸਿਪਾਹੀਆਂ ਨੂੰ ਖਰੀਦ ਸਕੇ ਜਾਂ ਕੋਈ ਇਨ੍ਹਾਂ ਦੇ ਬਰਖਿਲਾਫ ਉਂਗਲੀ ਚੁੱਕੇ।(ਥੰਪਿੰਗ) ਅਸੀਂ ਦਿਨ-ਰਾਤ ਇਕ ਕਰਕੇ ਭਾਰਤ ਬਦਲਾਂਗੇ, ਪੰਜਾਬ ਬਦਲਾਂਗੇ। ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)** : ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਅੱਜ ਇਕ ਬੜੇ ਅਹਿਮ ਮਸਲੇ ਤੇ ਬੋਲਣ ਦਾ ਮੈਨੂੰ ਸਮਾਂ ਦਿੱਤਾ ਹੈ। ਮੈਂ ਸਮਝਦੀ ਹਾਂ ਕਿ ਇਸ ਬਾਰੇ ਗੱਲ ਕਰਨੀ ਬਹੁਤ ਲਾਜ਼ਮੀ ਹੈ, ਜ਼ਰੂਰੀ ਹੈ। ਵੈਸੇ ਤਾਂ ਬਣਦਾ ਇਹ ਸੀ ਕਿ 10 ਦਿਨ ਪਹਿਲਾਂ ਹੀ ਇਸ ਵਿਸ਼ੇ ਤੇ ਗੱਲ ਕੀਤੀ ਜਾਂਦੀ। ਆਪਰੇਸ਼ਨ ਲੋਟਸ, ਜੋ ਕਿ ਇਸ ਵੇਲੇ ਇਕ ਡਰਾਮਾ ਬਣ ਦੇ ਦੇਸ਼ ਵਿੱਚ ਘੁੰਮ ਰਿਹਾ ਹੈ, ਪੰਜਾਬ ਵਿੱਚ ਘੁੰਮ ਰਿਹਾ ਹੈ ਜੇਕਰ 10 ਦਿਨ ਪਹਿਲਾਂ ਇਸ ਬਾਰੇ ਗੱਲ ਹੁੰਦੀ ਤਾਂ ਹੋਰ ਵੀ ਵਧੀਆ ਸੀ। ਸਾਡੇ ਸਾਮ੍ਹਣੇ ਬੈਠੇ ਸਾਥੀ, ਜਿਹੜੇ ਇਸ ਵੇਲੇ ਇਥੇ ਹਾਊਸ ਵਿੱਚ ਗੈਰਹਾਜ਼ਰ ਹਨ, ਇਨ੍ਹਾਂ ਦੀ ਮੇਹਰਬਾਨੀ ਕਿ ਇਨ੍ਹਾਂ ਨੇ ਇੰਨਾ ਰੌਲਾ, ਇੰਨਾ ਸ਼ੋਰ ਪਾਇਆ ਕਿ ਜਿਸ ਮੁੱਦੇ ਤੇ ਅੱਜ ਤੋਂ 10 ਦਿਨ ਪਹਿਲਾਂ ਗੱਲ ਹੋਣੀ ਸੀ, ਉਸ ਤੇ ਵਿਚਾਰ-ਚਰਚਾ ਨਹੀਂ ਹੋ ਸਕੀ। ਮੈਨੂੰ ਯਾਦ ਹੈ ਕਿ ਪਿਛਲੀ ਵਿਧਾਨ ਸਭਾ ਦੇ ਉਹ ਪੰਜ ਸਾਲ, ਜਦੋਂ ਅਸੀਂ being in opposition, ਸਾਮ੍ਹਣੇ ਵਾਲੀਆਂ ਚੇਅਰਾਂ ਤੇ ਬੈਠਿਆ ਕਰਦੇ ਸੀ ਅਤੇ ਜਿੱਧਰ ਇਸ ਵੇਲੇ ਆਮ ਆਦਮੀ ਪਾਰਟੀ ਦੀ ਸਰਕਾਰ ਬੈਠੀ ਹੈ, ਇੱਧਰ ਉਹ ਲੋਕ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਬੈਠਿਆ ਕਰਦੇ ਸੀ। ਪੂਰੇ ਪੰਜ ਸਾਲ ਆਮ ਆਦਮੀ ਪਾਰਟੀ ਆਪੋਜ਼ੀਸ਼ਨ ਵਿੱਚ ਹੁੰਦੇ ਹੋਏ ਇਕ ਅਲਾਪ ਰੱਖਦੀ ਸੀ ਕਿ ਸੈਸ਼ਨ ਨੂੰ ਵੱਡਾ ਕੀਤਾ ਜਾਵੇ, ਸੈਸ਼ਨ ਨੂੰ ਵਧਾਇਆ ਜਾਵੇ ਤਾਂ ਕਿ ਅਸੀਂ ਪੰਜਾਬ ਦੇ ਹਰ ਇਕ ਉਸ ਮਸਲੇ ਤੇ ਗੱਲ ਕਰ ਸਕੀਏ ਪਰ ਸਰਕਾਰ ਵਿੱਚ ਹੁੰਦਿਆਂ ਸਾਡੇ ਇਨ੍ਹਾਂ ਸਾਥੀਆਂ ਦੀ ਇੰਨੀ ਹਿੰਮਤ ਨਹੀਂ ਪੈਂਦੀ ਸੀ ਕਿ ਸੈਸ਼ਨ ਨੂੰ ਲੰਬਾ-ਚੌੜਾ ਕਰ ਸਕਦੇ ਕਿਉਂਕਿ ਸਰਕਾਰ ਦੀਆਂ ਕਮਜ਼ੋਰੀਆਂ ਬਹੁਤ ਸਨ। ਹੁਣ ਮੈਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ, ਸਾਡੀ ਸਰਕਾਰ ਨੂੰ ਵਧਾਈ ਦਿੰਦੀ ਹਾਂ ਜਿਨ੍ਹਾਂ ਦੀ ਅਗਵਾਈ ਸਾਡੇ ਬਹੁਤ ਸਤਿਕਾਰਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਕਰ ਰਹੇ ਹਨ।

ਕਕ ਸਜ 3.10.2022 3.35

ਔਰ ਜਿੱਥੇ ਇਹ ਚਾਹੁੰਦੇ ਹਨ ਕਿ ਖੁੱਲ੍ਹ ਕੇ ਡਿਸਕਸ਼ਨ ਇਸ ਹਾਊਸ ਦੇ ਵਿੱਚ ਹੋਵੇ। ਇਸ ਹਾਊਸ ਵਿੱਚ ਪੰਜਾਬ ਦੇ ਹਰ ਮਸਲੇ 'ਤੇ ਚਰਚਾ ਹੋਵੇ। ਓਪਰੇਸ਼ਨ ਲੋਟਸ ਤੇ ਚਰਚਾ ਹੋਣੀ ਵੀ ਉਨੀ ਹੀ ਯਕੀਨਨ ਬਣਦੀ ਹੈ। ਕਿਉਂਕਿ ਜਿਸ ਹਿਸਾਬ ਨਾਲ ਅੱਜ ਇਨ੍ਹਾਂ ਨੂੰ ਇੱਥੇ ਬੈਠਣਾ ਚਾਹੀਦਾ ਸੀ , ਮੈਂ ਇਨ੍ਹਾਂ ਦੀ ਹਾਲਤ ਬਾਰੇ ਦੋ ਲਾਈਨਾਂ ਵਿੱਚ ਜ਼ਰੂਰ ਬਿਆਨ ਕਰਾਂਗੀ ਕਿ ਜਦੋਂ ਵੀ ਸਰਕਾਰ ਦੀ ਗੱਲ ਆਉਂਦੀ ਹੈ, ਜਦੋਂ ਵੀ ਪੰਜਾਬ ਸਰਕਾਰ ਦੇ ਕੰਮਾਂ ਦੀ ਗੱਲ ਆਉਂਦੀ ਹੈ ਤਾਂ ਉਸ ਦੀ ਪਰੇਜ਼ ਕਰਨ ਦੀ ਬਜਾਏ ਹਮੇਸ਼ਾ ਮੈਂ ਇਨ੍ਹਾਂ ਦੇ ਮੂੰਹ ਵਿੱਚੋਂ ਖਾਮੀਆਂ ਹੀ ਸੁਣੀਆਂ ਹਨ। ਇਨ੍ਹਾਂ ਦੀ ਹਾਲਤ ਪਤਾ ਕਿਹੋ ਜਿਹੀ ਹੈ? ਸਪੀਕਰ ਸਾਹਿਬ, ਕਿਸੇ ਨੇ ਬੜਾ ਸੋਹਣਾ ਬਿਆਨ ਕੀਤਾ ਹੈ, ਉਹ ਕਹਿੰਦੇ ਹਨ:

> निकलें है वो मेरी सखशियत विगाड़ने, निकलें है वो मेरी सखशियत विगाड़ने
> किरदार जिनके ख़ुद मुरम्मत मांग रहे है। (थम्पिंग)

ਸਪੀਕਰ ਸਾਹਿਬ, ਇਨ੍ਹਾਂ ਨੂੰ ਖੁਦ ਨਹੀਂ ਪਤਾ ਕਿ ਪੰਜਾਬ ਨੂੰ ਇਨ੍ਹਾਂ ਨੇ ਕਿਵੇਂ, ਕਿਹੜੇ ਹਿਸਾਬ ਨਾਲ, ਕਿੱਥੋਂ ਲੈ ਕੇ ਅਤੇ ਕਿੱਥੋਂ ਤੱਕ ਅੱਜ ਖੋਖਲਾ ਕਰ ਦਿੱਤਾ ਹੈ। ਸਚਾਈ ਤਾਂ ਇਹ ਹੈ ਕਿ ਅੱਜ ਇਹ ਸੁਣਨ ਦੀ ਹਿੰਮਤ ਤੇ ਜ਼ੁਅਰਤ ਨਹੀਂ ਰੱਖਦੇ। ਜਿਸ ਕਰਕੇ ਅੱਜ ਸਾਹਮਣੇ ਵਾਲੀਆਂ ਕੁਰਸੀਆਂ ਖਾਲੀ ਪਈਆਂ ਦਿਸਦੀਆਂ ਹਨ। ਸੋ, ਮੈਂ ਗੱਲ ਕਰਾਂ, ਪੰਜਾਬ ਸਰਕਾਰ ਦੀ, ਮੈਂ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਗੱਲ ਕਰਦੀ ਹਾਂ। ਸਪੀਕਰ ਸਾਹਿਬ, ਇਸ ਗੱਲ ਦਾ ਮਾਣ ਮਹਿਸੂਸ ਹੁੰਦਾ ਹੈ ਕਿ ਪੰਜਾਬ ਦੇ ਲੋਕਾਂ ਨੇ, ਪੰਜਾਬ ਦੀ ਧਰਤੀ ਨੇ ਉਹ ਸਰਕਾਰ ਬਣਾ ਕੇ ਭੇਜੀ ਹੈ ਜਿਹੜੀ ਸਰਕਾਰ ਨੇ ਇੱਕ ਬਹੁਤ ਵੱਡਾ ਇਤਿਹਾਸ ਬਣਾਇਆ ਹੈ, ਪੰਜਾਬ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੈ। (ਥੰਪਿੰਗ) ਇਸ ਤੋਂ ਪਹਿਲਾਂ ਵੀ ਸਰਕਾਰਾਂ ਬਣੀਆਂ ਹਨ। ਬੜੀਆਂ ਸਰਕਾਰਾਂ ਬਣ ਬਣ ਆਈਆਂ ਅਤੇ ਸਾਹਮਣੇ ਵਾਲੇ ਸਾਥੀਆਂ ਨੂੰ ਵੀ ਪੰਜਾਬ ਦੇ ਲੋਕਾਂ ਨੇ ਬੜੇ ਮੌਕੇ ਦਿੱਤੇ ਹਨ ਔਰ ਜਿਹੜੀਆਂ ਸਰਕਾਰਾਂ ਹੁਣ ਤੱਕ ਬਣੀਆਂ ਹਨ, ਇਹ ਮਹਿਸੂਸ ਹੁੰਦਾ ਸੀ ਕਿ ਲੋਕਾਂ ਨੇ, ਪਬਲਿਕ ਨੇ, ਪੰਜਾਬ ਨੇ ਉਹ ਸਰਕਾਰਾਂ ਸਿਰਫ ਤੇ ਸਿਰਫ ਵੋਟ ਨਾਲ ਬਣਾਈਆਂ ਹਨ ਪਰ ਪਹਿਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਉਹ ਸਰਕਾਰ ਹੈ ਜਿਹੜੀ ਕਿ ਪੰਜਾਬ ਦੇ ਲੋਕਾਂ ਨੇ ਆਪਣੀਆਂ ਭਾਵਨਾਵਾਂ ਨਾਲ ਬਣਾਈ ਹੈ। (ਥੰਪਿੰਗ) ਪੰਜਾਬ ਦੇ ਲੋਕਾਂ ਨੇ ਆਪਣੇ ਜਜ਼ਬਾਤਾਂ ਨਾਲ ਸਰਕਾਰ ਬਣਾਈ ਹੈ। ਇਹ ਉਹ ਸਰਕਾਰ ਹੈ, ਜਿਸ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ, ਜਿਹੜੇ ਕਿ ਸ਼ਹੀਦ ਭਗਤ ਸਿੰਘ ਦੀ ਤਕਰੀਰ ਵਿੱਚੋਂ ਨਿਕਲੇ ਹੋਏ ਮੁੱਖ ਮੰਤਰੀ ਹਨ। ਸਪੀਕਰ ਸਾਹਿਬ, ਇਹ ਉਹ ਮੁੱਖ ਮੰਤਰੀ ਹਨ ਜਿਹੜੇ ਪੈਸਿਆਂ ਦੇ ਢੇਰ ਨਾਲ ਨਹੀਂ ਸਗੋਂ ਤਾੜੀਆਂ ਦੀ ਗੂੰਜ ਨਾਲ ਬਣੇ ਹੋਏ (ਥੰਪਿੰਗ) ਤਾੜੀਆਂ ਦੀ ਗੂੰਜ ਦੇ ਨਾਲ। ਸੋ, ਬਹੁਤ ਇਸ ਗੱਲ ਦਾ ਮਾਣ ਮਹਿਸੂਸ ਹੁੰਦਾ ਹੈ ਕਿਉਂਕਿ ਇੱਕ ਬਹੁਤ ਵੱਡਾ ਭੁਲੇਖਾ ਜਿਹੜਾ ਓਪਰੇਸ਼ਨ ਲੋਟਸ ਵਾਲਿਆਂ ਨੂੰ ਲੱਗਿਆ ਹੋਇਆ ਹੈ ਕਿ ਸ਼ਾਇਦ ਜਿਸ ਤਰੀਕੇ ਦੇ ਨਾਲ ਅਸੀਂ ਬਾਕੀ ਸਟੇਟਾਂ ਵਿੱਚ ਕੀਤਾ ਹੈ, ਚਾਹੇ ਉਹ ਸਾਲ 2016 ਵਿੱਚ ਅਰੁਨਾਚਲ ਪ੍ਰਦੇਸ਼ ਸੀ, ਫੇਰ ਭਾਵੇਂ ਫੇਲ੍ਹ

ਹੀ ਹੋ ਗਏ ਸਾਲ 2016 ਵਿੱਚ ਉਤਰਾਖੰਡ ਵਿੱਚ, ਸਾਲ 2017 ਵਿੱਚ ਗੋਆ, ਸਾਲ 2019 ਵਿੱਚ ਕਰਨਾਟਕ ਅਤੇ ਸਾਲ 2020 ਵਿੱਚ ਮੱਧ ਪ੍ਰਦੇਸ਼ ਵਿੱਚ, ਜਿੱਥੇ ਇਨ੍ਹਾਂ ਨੂੰ ਲਗਦਾ ਹੈ ਕਿ ਅਸੀਂ ਤਾਂ ਪੈਸੇ ਦੇ ਜ਼ੋਰ ਤੇ, ਪੈਸੇ ਦੇ ਦਮ ਤੇ ਐਮ.ਐਲ.ਏ. ਖਰੀਦ ਲਵਾਂਗੇ ਅਤੇ ਅਸੀਂ ਸਰਕਾਰ ਬਣਾ ਲਵਾਂਗੇ।

03.10.2022/3.40/ਹਰਪ੍ਰੀਤ ਸਿੰਘ/ਅਭਿਸ਼ੇਕ ਗੌਤਮ

ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਸ ਵਾਰੀ ਤੁਹਾਡਾ ਟਾਕਰਾ ਪੰਜਾਬ ਨਾਲ ਪਿਆ ਹੈ, ਇਸ ਵਾਰ ਤੁਹਾਡਾ ਟਾਕਰਾ ਆਮ ਆਦਮੀ ਪਾਰਟੀ ਨਾਲ ਪਿਆ ਹੈ। ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਸ ਵਾਰੀ ਮੱਥਾ ਤੁਸੀਂ ਸਾਡੇ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨਾਲ ਲਾਇਆ ਹੈ। ਇਹ ਦਿੱਲੀ ਤੋਂ ਚਲੇ ਹਨ ਅਤੇ ਇਨ੍ਹਾਂ ਨੂੰ ਆਪਣੇ ਆਪ ਤੇ ਬਹੁਤ ਘੁਮੰਡ ਹੈ। ਜੇਕਰ ਇਤਿਹਾਸ ਵੇਖਿਆ ਜਾਵੇ ਤਾਂ ਸਮਰਾਟ ਸਿਕੰਦਰ ਆਪਣੇ ਆਪ ਨੂੰ ਬੜਾ ਘਮੰਡੀ ਸਮਝਦਾ ਸੀ, ਉਸ ਨੂੰ ਲਗਦਾ ਸੀ ਕਿ ਮੈਂ ਦੁਨੀਆ ਜਿੱਤਦਾ ਆਇਆਂ ਹਾਂ ਪਰ ਪੰਜਾਬ ਨੇ ਐਸੀ ਨੱਥ ਮਾਰੀ ਕਿ ਮੁੜ ਕੇ ਪੰਜਾਬ ਵੱਲ ਮੂੰਹ ਨਹੀਂ ਕਰ ਸਕਿਆ। ਸੋ, ਡਿਪਟੀ ਸਪੀਕਰ ਸਾਹਿਬ ਉਹੀ ਹਾਲਤ ਇਨ੍ਹਾਂ ਦੀ ਹੈ। ਇਨ੍ਹਾਂ ਨੂੰ ਲਗਦਾ ਸੀ ਕਿ ਆਮ ਆਦਮੀ ਪਾਰਟੀ ਦੇ ਮੈਂਬਰ ਵੀ ਦੂਜੀਆਂ ਪਾਰਟੀਆਂ ਵਰਗੇ ਹਨ, ਇਨ੍ਹਾਂ ਨੂੰ ਵੀ ਅਸੀਂ ਪੈਸੇ ਨਾਲ ਖਰੀਦ ਲਵਾਂਗੇ ਪਰ ਮੈਂ ਫਿਰ ਇਕ ਗੱਲ ਦੁਹਰਾ ਦਿਆਂ ਕਿ ਭਾਵਨਾਵਾਂ ਅਤੇ ਜਜ਼ਬਾਤਾਂ ਨੂੰ ਕਦੇ ਪੈਸਿਆਂ ਨਾਲ ਨਹੀਂ ਖਰੀਦਿਆ ਜਾ ਸਕਦਾ।

**ਮਾਨਯੋਗ ਡਿਪਟੀ ਸਪੀਕਰ:** ਕ੍ਰਿਪਾ ਕਰਕੇ ਕਨਕਲੂਡ ਕਰ ਦਿਓ ਜੀ।

**ਪ੍ਰੋਫੈਸਰ ਬਲਜਿੰਦਰ ਕੌਰ:** ਡਿਪਟੀ ਸਪੀਕਰ ਸਾਹਿਬ, ਮੈਂ ਅਪ੍ਰੇਸ਼ਨ ਲੋਟਸ ਤੇ ਸਿਰਫ ਇਕੋ ਗੱਲ ਕਰਾਂਗੀ, ਮੈਂ ਸਮਾਪਤੀ ਵੱਲ ਹੀ ਵੱਧ ਰਹੀ ਹਾਂ ਕਿਉਂਕਿ ਜਿਸ ਦੀ ਥਿਓਰੀ ਸਾਰੇ ਹਾਊਸ ਨੂੰ ਸਪਸ਼ਟ ਹੈ ਕਿ ਜਿਸ ਨੇ ਇਸ ਗੱਲ ਤੇ ਹਮੇਸ਼ਾ ਕੰਮ ਕੀਤਾ ਹੈ ਕਿ ਹਮ ਦੋ ਹਮਾਰੇ ਦੋ। ਯਾਨੀ ਕਿ ਮੋਦੀ ਜੀ ਅਤੇ ਅਮਿਤ ਸ਼ਾਹ, ਅੰਡਾਨੀ ਅਤੇ ਅੰਬਾਨੀ। ਇਸ ਤੋਂ ਇਲਾਵਾ ਕੋਈ ਗੱਲ ਨਹੀਂ। ਸੋ, ਇਨ੍ਹਾਂ ਨੂੰ ਲਗਦਾ ਸੀ ਕਿ ਅਸੀਂ ਸਾਰੇ ਦੇਸ਼ ਦਾ ਸੌਦਾ ਕਰ ਦਈਏ ਤੇ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਦੇ ਦਈਏ। ਇਨ੍ਹਾਂ ਨੇ 1993 ਵਿਚ ਗੁਜਰਾਤ ਤੋਂ ਸ਼ੁਰੂਆਤ ਕੀਤੀ। ਜਦੋਂ ਇਹ ਕਿਸਾਨ ਵਿਰੋਧੀ ਬਿਲ ਲੈ ਕੇ ਆਏ, ਖੇਤੀਬਾੜੀ ਆਰਡੀਨੈਂਸ ਜਾਰੀ ਕੀਤੇ ਤਾਂ ਪੰਜਾਬ ਨੇ ਇਨ੍ਹਾਂ ਨੂੰ ਇਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਇਸ ਗੱਲ ਦਾ ਮਾਣ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਨੂੰ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੇ ਮੂੰਹ ਤੋੜਵਾਂ ਜਵਾਬ ਦਿੱਤਾ। ਡਿਪਟੀ ਸਪੀਕਰ ਸਾਹਿਬ, ਗੱਲ ਇੱਥੇ ਆ ਕੇ ਖੜ ਗਈ ਕਿ What makes India No. 1. ਅਪ੍ਰੇਸ਼ਨ ਲੋਟਸ ਨੂੰ ਕਾਮਯਾਬ ਕਰਨ ਲਈ ਜਿਵੇਂ ਮੈਂ ਪਹਿਲਾਂ ਕਿਹਾ ਕਿ ਜਿਹੜੇ ਮੈਂਬਰ ਕੁਰਸੀਆਂ ਖਾਲੀ ਕਰਕੇ ਚਲੇ ਗਏ, ਇਨ੍ਹਾਂ ਦਾ ਵੀ ਬੜਾ ਅਹਿਮ ਯੋਗਦਾਨ ਹੈ।ਇਨ੍ਹਾਂ ਨੇ ਭਾਰਤ ਜੋੜੋ ਯਾਤਰਾ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਸ਼ੁਰੂ ਕੀਤੀ ਹੈ।ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਹਨ, ਉਨ੍ਹਾਂ ਦੋਹਾਂ ਨੂੰ ਛੱਡ ਕੇ

ਸਪਸ਼ਟ ਹੈ ਕਿ ਇਨ੍ਹਾਂ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਅਸੀਂ ਅਪ੍ਰੇਸ਼ਨ ਲੋਟਸ ਨੂੰ ਕਾਮਯਾਬ ਕਰੀਏ। ਇਕ ਗੱਲ ਕਹਿ ਕੇ ਮੈਂ ਸਮਾਪਤ ਕਰਾਂਗੀ ਕਿਉਂਕਿ ਸਾਰੇ ਸਾਥੀਆਂ ਨੇ ਬੋਲਣਾ ਹੈ। ਅਸੀਂ ਸਾਰੇ ਪੰਜਾਬ ਵਾਸੀ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸ ਹਾਂ। ਜਿਹੜੇ ਇਹ ਸੋਚਦੇ ਹਨ ਕਿ ਅਪ੍ਰੇਸ਼ਨ ਲੋਟਸ ਨੂੰ ਕਾਮਯਾਬ ਕਰੀਏ, ਉਹ ਭੁੱਲ ਗਏ ਹਨ ਕਿ ਪੰਜਾਬੀ ਤਾਂ ਦਸਵੇਂ ਪਾਤਸ਼ਾਹ ਵੱਲੋਂ ਸਿਖਾਏ ਮਾਰਗ ਤੇ ਚੱਲਦੇ ਹਨ ਅਤੇ ਇਸ ਗੱਲ ਤੇ ਪਹਿਰਾ ਦਿੰਦੇ ਹਨ ਕਿ :

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥

ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਮੇਰੀ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਸਮਾਂ ਕਾਫੀ ਹੋ ਗਿਆ ਹੈ ਅਤੇ ਹਾਲੇ ਮੈਂਬਰ ਸਾਹਿਬਾਨ ਕਾਫੀ ਰਹਿੰਦੇ ਹਨ। ਸੋ, ਮੈਂ 3-3 ਮਿੰਟ ਹਰ ਇਕ ਮੈਂਬਰ ਸਾਹਿਬਾਨ ਨੂੰ ਦਿਆਂਗਾ। ਹੁਣ ਮੈਂ ਬੇਨਤੀ ਕਰਾਂਗਾ ਕਿ ਸ਼੍ਰੀ ਰੁਪਿੰਦਰ ਸਿੰਘ ਜੀ ਬੋਲਣ।ਤੁਸੀਂ ਟਾਈਮ ਦਾ ਖਿਆਲ ਰੱਖਣਾ ਜੀ।

**ਸ਼੍ਰੀ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.):** ਬਹੁਤ ਬਹੁਤ ਧੰਨਵਾਦ ਡਿਪਟੀ ਸਪੀਕਰ ਸਾਹਿਬ। ਅੱਜ ਚਰਚਾ ਜਿਹੜੀ ਹੋ ਰਹੀ ਹੈ। ਜਿਹੜਾ ਸਾਡੇ ਮੁੱਖ ਮੰਤਰੀ ਜੀ ਵਿਸ਼ਵਾਸ ਮਤਾ ਲੈ ਕੇ ਆਏ ਹਨ।

ਅ.ਕ/ਅ.ਗ/3.45/3.10.2022

ਕਿਉਂਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ। ਪਰ ਇਸ ਦੇ ਵਿੱਚ ਆਪਣੀਆਂ ਆਦਤਾਂ ਦੇ ਮੁਤਾਬਿਕ ਆਪਣੀਆਂ ਕਮੀਆਂ ਛੁਪਾਉਣ ਦੇ ਲਈ ਬੀ.ਜੇ.ਪੀ ਜਿਹੜੀ ਇਲੈਕਸ਼ਨਾਂ ਹਾਰ ਜਾਂਦੀ ਹੈ, ਫਿਰ ਉਹ ਆਪਣੇ ਘਟੀਆ ਹਥਕੰਡੇ ਅਪਣਾਉਂਦੀ ਹੈ। ਇੱਕ Operation Lotus ਲੈ ਕੇ ਆਇਆ ਗਿਆ ਹੈ। ਦੂਜੀਆਂ ਸਟੇਟਾਂ ਦੇ ਵਿੱਚ ਵੀ ਵਰਤਿਆ ਗਿਆ ਹੈ ਜਿਵੇਂ ਕਿ ਮੱਧ ਪ੍ਰਦੇਸ਼, ਕਰਨਾਟਕਾ, ਗੋਆ ਅਤੇ ਅਰੁਨਾਚਲ ਪ੍ਰਦੇਸ਼। ਕੁਝ ਹੱਦ ਤੱਕ ਉਥੇ ਕਾਮਯਾਬ ਵੀ ਹੋਏ ਹਨ। ਪਰ ਜਦੋਂ ਪੰਜਾਬ ਦੀ ਧਰਤੀ ਤੇ ਆਏ ਅਤੇ Operation Lotus ਦੇ ਤਹਿਤ ਆਪਣੀਆਂ ਕੋਝੀਆਂ ਚਾਲਾਂ ਚੱਲਣੀਆਂ ਸ਼ੁਰੂ ਕੀਤੀਆਂ। ਸਭ ਤੋਂ ਪਹਿਲਾਂ ਜਿਹੜੇ ਲੋਕਾਂ ਨੇ ਨਾਕਾਰ ਦਿੱਤੇ, ਜਿਹੜੇ ਲੋਕਾਂ ਨੇ ਵੱਡੇ-ਵੱਡੇ ਮਾਰਜਨਾਂ ਦੇ ਨਾਲ ਹਰਾ ਦਿੱਤੇ, ਉਹ ਲੋਕ, ਉਹ ਕਾਂਗਰਸੀ ਉਹ ਪੁਰਾਣੇ ਸਾਬਕਾ ਸੀ.ਐਮ, ਜਿਨ੍ਹਾਂ ਨੂੰ ਵੱਡਾ ਚਿਹਰਾ ਕਿਹਾ ਜਾਂਦਾ ਸੀ, ਸਭ ਤੋਂ ਪਹਿਲਾਂ ਉਹ ਵਿਕਾਊ ਹੋਏ, ਉਹ ਬੀ.ਜੇ.ਪੀ ਦੇ ਨਾਲ ਗਏ। ਲਾਲ ਕਿਲ੍ਹੇ ਤੇ ਖੜ ਕੇ ਲੋਕਤੰਤਰ ਦੀਆਂ ਗੱਲਾਂ ਕਰਨੀਆਂ ਪਰ ਚੋਣਾਂ ਤੋਂ ਭੱਜਣਾ, ਹਮੇਸ਼ਾ ਲੋਕਤੰਤਰ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰਨੀਆਂ, ਇਹ

ਬੀ.ਜੇ.ਪੀ. ਦੀ ਰਵਾਇਤ ਹੈ, ਬੀ.ਜੇ.ਪੀ ਦੀਆਂ ਚਾਲਾਂ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨਾ ਸਿਰਫ ਇੱਕ ਸਰਕਾਰ ਨਾ ਕੇਵਲ ਸੱਤਾਧਾਰੀ ਧਿਰ ਹੈ ਬਲਕਿ ਇਹ ਸਰਕਾਰ ਪੰਜਾਬ ਦੇ ਤਿੰਨ ਕਰੋੜ ਲੋਕਾਂ ਦੀ ਉਮੀਂਦ ਹੈ। ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਹੈ। ਇਹ ਕੇਵਲ ਤੇ ਕੇਵਲ ਸੱਤਾ ਭੋਗਣ ਦੇ ਲਈ ਨਹੀਂ ਆਏ, ਇੱਕ ਬਦਲਾਅ ਦੇ ਲਈ ਪੰਜਾਬ ਦੇ ਵਿੱਚ ਆਮ ਆਦਮੀ ਦੀ ਸਰਕਾਰ ਆਈ ਹੈ। ਉਹ ਬਦਲਾਅ ਜਿਹੜਾ ਲੋਕਾਂ ਨੂੰ ਦਿੱਸਣ ਲੱਗ ਪਿਆ ਹੈ। ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਿਜਲੀ ਬਿਲ ਜ਼ੀਰੋ ਕਰ ਦਿੱਤੇ। ਮੁਹੱਲਾ ਕਲੀਨਿਕ ਲੈ ਕੇ ਆਏ। ਇੰਡਸਟਰੀਆਂ ਨਵੀਂਆਂ ਆ ਰਹੀਆਂ ਹਨ। Jobs ਨਵੀਂਆਂ ਕਰੀਏਟ ਹੋ ਰਹੀਆਂ ਹਨ। ਪੰਚਾਇਤੀ ਜ਼ਮੀਨਾਂ ਜਿਹੜੀਆਂ ਸਰਕਾਰ ਦੇ ਅੰਡਰ ਆ ਰਹੀਆਂ ਹਨ। ਕੁਰੱਪਸ਼ਨ ਫਰੀ ਸਿਸਟਮ ਹੋ ਰਿਹਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਵਿਰੋਧੀਆਂ ਵੱਲੋ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ। ਹੋਰ ਕੋਈ ਚਾਰਾ ਨਹੀਂ ਰਿਹਾ। ਉਨ੍ਹਾਂ ਨੇ ਲੋਕਾਂ ਦਾ ਧਿਆਨ ਭਟਕਾਉਣ ਦੇ ਲਈ Operation Lotus ਨੂੰ ਲਿਆਂਦਾ। ਜਿਸ ਦਾ ਸਭ ਤੋਂ ਵੱਧ ਸਮਰਥਨ ਕਾਂਗਰਸੀ ਕਰਦੇ ਹਨ। ਬੀ.ਜੇ.ਪੀ. ਦੀ ਬੀ.ਟੀਮ ਕਾਂਗਰਸ ਹੈ, ਉਹ ਇਸ ਦਾ ਸਮਰਥਨ ਕਰਦੀ ਹੈ ਕਿਉਂਕਿ ਇਨ੍ਹਾਂ ਦੇ ਕੋਲ ਹੁਣ ਪੰਜਾਬ ਦੇ ਵਿੱਚ ਕੁਝ ਨਹੀਂ ਰਿਹਾ ਹੈ। ਮੈਂ ਬੀ.ਜੇ.ਪੀ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਸਾਲ 2027 ਦੀ ਵੇਟ ਕਰੋ। ਇਲੈਕਸ਼ਨਾਂ ਲੜੋ। ਜੇ ਹਰਾ ਸਕਦੇ ਹੋ ਤਾਂ ਹਰਾਓ। ਪਰ ਤੁਹਾਡੇ ਕੋਲ ਇਲੈਕਸ਼ਨਾਂ ਲੜਨ ਵਾਲਾ ਅਤੇ ਜਿੱਤਣ ਵਾਲਾ ਕੋਈ ਚਿਹਰਾ ਨਹੀਂ ਹੈ ਕਿਉਂਕਿ ਜਿਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕਾਂ ਨੇ ਹਰਾਇਆ, ਉਹੀ ਚਿਹਰੇ ਤੁਸੀਂ ਆਪਣੇ ਕੋਲ ਲੈ ਲਏ ਤੇ ਦੁਬਾਰਾ ਫਿਰ ਤੁਸੀਂ ਉਨ੍ਹਾਂ ਨੂੰ ਕਿਸ ਮੂੰਹ ਦੇ ਨਾਲ ਮੈਦਾਨ ਦੇ ਵਿੱਚ ਉਤਾਰੋਗੇ। ਸਟੇਟਾਂ ਦੇ ਵਿੱਚ ਤੁਸੀਂ ਜਾ ਕੇ Operation Lotus ਨੂੰ ਕਾਮਯਾਬ ਕਰਨ ਦੇ ਲਈ ਕਾਂਗਰਸੀਆਂ ਦੇ ਐਮ.ਐਲ.ਏ ਖਰੀਦਦੇ ਹੋ। ਪੰਜਾਬ ਦੇ ਵਿੱਚ ਕਾਂਗਰਸ ਤੁਹਾਡੀ ਹਮਾਇਤ ਕਰਦੀ ਹੈ। ਸਾਡੇ ਬਹੁਤ ਸਾਰੇ ਸਾਥੀਆਂ ਨੇ ਕਿਹਾ ਹੈ ਕਿ ਇਨ੍ਹਾਂ ਨੂੰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਾਹਮਣੇ ਬੈਠ ਕੇ ਸੁਨਣਾ ਚਾਹੀਦਾ ਸੀ, ਡਿਸਕਸ਼ਨ ਵਿੱਚ ਭਾਗ ਲੈਣਾ ਚਾਹੀਦਾ ਸੀ। ਡਿਪਟੀ ਸਪੀਕਰ ਸਾਹਿਬ, ਪਰ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਿੰਨੇ ਅੱਜ ਇਹ ਇਥੇ ਆਏ ਹਨ, ਉਹ ਕਲ੍ਹ ਨੂੰ ਇਨ੍ਹਾਂ ਦੇ ਪੂਰੇ ਵੀ ਹੋਣਗੇ ਜਾਂ Operation Lotus ਦੀ ਭੇਂਟ ਚੜ੍ਹ ਜਾਣਗੇ। ਇਨ੍ਹਾਂ ਨੂੰ ਡਰ ਇਸੇ ਗੱਲ ਦਾ ਪਿਆ ਰਹਿੰਦਾ ਹਾਂ। ਮੈਂ ਪੰਜਾਬ ਦੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਤੁਸੀਂ ਜਿਸ ਆਸ ਤੇ ਉਮੀਦ ਦੇ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ

03.50 / 03.10.2022 ਤਰਲੋਚਨ ਸਿੰਘ /ਰਜਨੀਸ਼ ਕੁਮਾਰ

92 ਯੋਧੇ ਤੁਸੀਂ ਲੜਾਈ ਲੜਨ ਲਈ ਵਿਧਾਨ ਸਭਾ ਵਿੱਚ ਭੇਜੇ ਹਨ, ਉਹ ਅੱਜ ਵੀ ਤੁਹਾਡੇ ਨਾਲ ਖੜ੍ਹੇ ਹਨ ਅਤੇ ਤੁਹਾਡੇ ਹੱਕਾਂ ਤੇ ਪਹਿਰਾ ਦਿੰਦੇ ਰਹਿਣਗੇ। ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਜੀ ਨੇ ਇੱਕ ਨਵੀਂ

ਸੋਚ ਲਿਆਂਦੀ ਹੈ। ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਨੇ ਜਿਹੜਾ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਸੁਪਨਾ ਦੇਖਿਆ ਹੈ, ਪੰਜਾਬ ਨੂੰ ਚੰਗਾ ਬਣਾਉਣ ਲਈ ਅਤੇ ਹਰਿਆ ਭਰਿਆ ਬਣਾਉਣ ਲਈ ਸੁਪਨਾ ਦੇਖਿਆ ਹੈ, ਉਸ ਸੁਪਨੇ ਨੂੰ ਪੂਰਾ ਕਰਨ ਲਈ ਅਸੀਂ ਸਾਰੇ ਐਮ.ਐਲ.ਏ. ਉਨ੍ਹਾਂ ਨਾਲ ਚੱਟਾਨ ਵਾਂਗ ਖੜ੍ਹੇ ਹਾਂ। (ਥੰਪਿੰਗ) ਸੋ, ਡਿਪਟੀ ਸਪੀਕਰ ਸਾਹਿਬ, ਬਹੁਤ ਧੰਨਵਾਦ। ਮੈਂ ਇਸ ਵਿਸ਼ਵਾਸ ਮੱਤ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ ਅਤੇ ਬੀ.ਜੇ.ਪੀ. ਅਤੇ ਦੂਜੀਆਂ ਪਾਰਟੀਆਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਅੱਜ ਵੀ ਸਾਰੇ ਐਮ.ਐਲ.ਏ. ਸਾਹਿਬਾਨ ਉਵੇਂ ਹੀ ਖੜ੍ਹੇ ਹਨ ਜਿਵੇਂ ਅਸੀਂ 2022 ਦੀ ਲੜਾਈ ਡਟ ਕੇ ਲੜੀ ਸੀ। ਆਉਣ ਵਾਲੇ ਸਮੇਂ ਵਿੱਚ ਵੀ ਅਸੀਂ ਉਵੇਂ ਹੀ ਡਟ ਕੇ ਖੜ੍ਹੇ ਰਹਾਂਗੇ। ਸੋ, ਸਭ ਦਾ ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ (ਖੰਨਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਭਾਰਤ ਤੇ ਬੜਾ ਵੱਡਾ ਸੰਕਟ ਮੰਡਰਾ ਰਿਹਾ ਹੈ। ਜਿਸ ਹੱਦ ਤੱਕ ਦਾ ਸੰਕਟ ਅਸੀਂ ਸੋਚ ਰਹੇ ਹਾਂ, ਇਹ ਸੰਕਟ ਉਸ ਤੋਂ ਵੀ ਕਿਤੇ ਵੱਡਾ ਸੰਕਟ ਹੈ। ਉਸ ਦਾ ਇੱਕ ਬਹੁਤ ਵੱਡਾ ਕਾਰਨ ਹੈ। ਆਪਰੇਸ਼ਨ ਲੋਟਸ ਨਾ ਸਿਰਫ ਇੱਕ ਆਪਰੇਸ਼ਨ ਹੈ ਬਲਕਿ ਇਹ ਦੇਸ਼ ਦੀ ਡੈਮੋਕਰੇਸੀ ਲਈ ਅੱਜ ਤੱਕ ਦਾ ਸਭ ਤੋਂ ਵੱਡਾ ਖਤਰਾ ਹੈ। ਇਸ ਦਾ ਇੱਕ ਬਹੁਤ ਵੱਡਾ ਕਾਰਨ ਹੈ। ਜਦੋਂ ਦੇਸ਼ ਨੂੰ ਚੰਗੇ ਸਕੂਲਾਂ, ਕਾਲਜਾਂ, ਚੰਗੇ ਹਸਤਪਾਲਾਂ, ਚੰਗੇ ਇਨਫਰਾਸਟਰੱਕਚਰ ਅਤੇ ਚੰਗੇ ਸਮਾਜ ਦੀ ਜ਼ਰੂਰਤ ਹੋਵੇ ਅਤੇ ਤੁਸੀਂ ਇਸ ਨੂੰ ਮੁਹੱਈਆ ਕਰਵਾਉਣ ਵਿੱਚ ਕਾਮਯਾਬ ਨਾ ਹੋ ਸਕੋ ਤਾਂ ਸਮਝ ਆਉਂਦੀ ਹੈ ਕਿ ਤੁਹਾਡੇ ਇੰਟਰਸਟ ਮੈਲਾਫਾਈਡ ਹਨ। ਪੂਰੇ ਦੇ ਪੂਰੇ ਸਿਸਟਮ ਕਿਸੇ ਇੱਕ ਵਿਅਕਤੀਗਤ ਧਰਮ ਨਾਲ ਜੋੜ ਕੇ ਪੂਰੇ ਦੇਸ਼ ਵਿੱਚ ਅਰਾਜਕਤਾ ਦਾ ਮਾਹੌਲ ਪੈਦਾ ਕਰੋ, ਤਾਂ ਇਹ ਬਹੁਤ ਹੀ ਖਤਰਨਾਕ ਸਾਬਤ ਹੋ ਸਕਦਾ ਹੈ। ਅੱਜ ਇਸ ਪਵਿੱਤਰ ਸਦਨ ਵਿੱਚ ਮੈਂ ਮੁਹੰਮਦ ਇਕਬਾਲ ਜੀ ਦੀਆਂ ਉਹ ਸਤਰਾਂ ਕਹਿੰਦਾ ਹਾਂ, ਜਿਨ੍ਹਾਂ ਨੇ ਕਿਹਾ ਸੀ ਕਿ

सारे जहाँ से अच्छा, हिन्दोस्ताँ हमारा।
हम बुलबुलें हैं इसकी, यह गुलिस्ताँ हमारा॥(ਥੰਪਿੰਗ)

ਉਸੇ ਮੁਹੰਮਦ ਇਕਬਾਲ ਜੀ ਨੂੰ ਬਾਅਦ ਵਿੱਚ ਇਹ ਕਹਿਣਾ ਪਿਆ ਸੀ ਕਿ

शर्म सी आती है इस वतन को अब वतन कहते हुए

ਐਸਾ ਕੀ ਹੋ ਗਿਆ ਸੀ? ਇਹ ਬਹੁਤ ਵੱਡਾ ਕਾਰਨ ਹੈ। ਇਸ ਸਦਨ ਵਿੱਚ ਅਸੀਂ ਅੱਜ ਸਾਰੇ ਭਾਈਚਾਰਿਆਂ ਦੇ ਲੋਕ ਇਕੱਠੇ ਹੋਏ ਬੈਠੇ ਹਾਂ। ਸਾਡੇ ਵਿੱਚ ਕਦੇ ਫਿਰਕਾਪ੍ਰਸਤੀ ਨਹੀਂ ਪੈਦਾ ਹੋਈ। ਅਸੀਂ ਸਾਰੇ ਇੱਕ ਮੰਚ ਤੇ ਇਕੱਠੇ ਹਾਂ। ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਬੀ.ਜੇ.ਪੀ. ਅੱਜ ਜਿਹੜੀ ਸਿਆਸਤ ਕਰਨ ਲੱਗੀ ਹੋਈ ਹੈ, ਉਹ ਬਹੁਤ ਕੋਝੀ ਅਤੇ ਖਤਰਨਾਕ ਸਿਆਸਤ ਹੈ। ਇਨ੍ਹਾਂ ਦੇ ਅਸਲੀ ਚਿਹਰੇ ਪਛਾਣਨੇ ਪੈਣੇ ਹਨ। ਅੱਜ ਅਲਪ ਸੰਖਿਅਕ ਆਪਣੇ ਆਪ ਨੂੰ ਖਤਰੇ ਵਿੱਚ ਮਹਿਸੂਸ ਕਰ ਰਹੇ ਹਨ।

ਇਸ ਦਾ ਪ੍ਰਤੱਖ ਪ੍ਰਮਾਣ ਕੀ ਹੈ? ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਜਦੋਂ ਗੋਧਰਾ ਵਿੱਚ ਕਤਲੇਆਮ ਹੋਇਆ, ਉਸ ਤੋਂ ਬਾਅਦ ਵਿੱਚ ਕਤਲੇਆਮ ਦੇ ਪੱਖ ਵਿੱਚ ਬੋਲਣ ਵਾਲੇ ਇੱਕ ਬੰਦੇ ਨੂੰ ਪੂਰੇ ਵਿਸ਼ਵ ਦਾ, ਸਿਰਫ ਭਾਰਤ ਦੀ ਗੱਲ ਨਹੀਂ, ਅੱਜ ਪੂਰੇ ਵਿਸ਼ਵ ਦਾ ਨੰਬਰ ਦੂਜਾ ਅਮੀਰ ਵਿਅਕਤੀ ਬਣਾ ਦਿੱਤਾ ਗਿਆ ਹੈ। ਕੀ ਗੱਲ, ਇੱਥੇ ਬਾਕੀ ਇਨਸਾਨ ਨਹੀਂ ਰਹਿੰਦੇ? ਹੋਰ ਲੋਕ ਨਹੀਂ ਰਹਿੰਦੇ? ਅੱਜ ਪੂਰੇ ਦਾ ਪੂਰਾ ਦੇਸ਼ ਦੋ ਪਰਿਵਾਰਾਂ ਅੱਗੇ ਗਿਰਵੀ ਰੱਖ ਦਿੱਤਾ ਗਿਆ ਹੈ। ਮੈਂ ਗੱਲ ਨੂੰ ਕਨਕਲੂਡ ਕਰ ਰਿਹਾ ਹੈ, ਇਸ ਨੂੰ ਧਿਆਨ ਨਾਲ ਸੁਣਿਉ। ਇਸ ਗੱਲ ਦੀ ਪਿਉਂਦ ਕਿੱਥੋਂ ਚੜ੍ਹੀ? ਇਸ ਦੀ ਪਿਉਂਦ ਉਦੋਂ ਚੜ੍ਹੀ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਦੀ ਡਿਊਟੀ ਪੰਜਾਬ ਵਿੱਚ ਲੱਗੀ, ਉਹ ਇੱਥੇ ਇੰਚਾਰਜ ਰਹੇ ਹਨ, ਉਨ੍ਹਾਂ ਨੇ ਪੰਜਾਬ ਵਿੱਚ ਦੇਖਿਆ ਕਿ ਇੱਕ ਸੱਤਾਧਾਰੀ ਪਾਰਟੀ ਪੰਥ ਖਤਰੇ ਵਿੱਚ ਹੈ, ਪੰਥ ਬਚਾਅ ਲਉ ਕਹਿ ਕੇ ਪੰਜਾਬੀਆਂ ਦਾ ਚਾਲੀ ਸਾਲ ਬੇਵਕੂਫ ਬਣਾਉਂਦੀ ਰਹੀ ਹੈ।

ਗ.ਕੌ/ਰ.ਕ./ 3-10-2022/ 3.55

ਸਿਰਫ ਇਹ ਕਹਿ ਕਿ ਪੰਥ ਖਤਰੇ ਵਿੱਚ ਹੈ ਇਸ ਨੂੰ ਬਚਾ ਲਵੋ। ਪੰਥ ਦੇ ਨਾਮ ਤੇ ਜਿੰਨੀਆਂ ਵੋਟਾਂ ਉਸ ਪਾਰਟੀ ਨੇ ਲਈਆਂ ਇਹ ਉਸ ਪਾਰਟੀ ਦਾ ਕਸੂਰ ਨਹੀਂ। ਉਹ ਪਾਰਟੀ ਕਿਸੇ ਗਲਤ ਬੰਦਿਆਂ ਦੇ ਹੱਥ ਚੜ੍ਹ ਗਈ ਸੀ। ਇੱਕ ਪਰਿਵਾਰ ਦੇ ਹੱਥੇ ਚੜ੍ਹ ਗਈ ਸੀ। ਉਸ ਪਰਿਵਾਰ ਨੇ ਪੰਜਾਬ ਦੇ 40 ਸਾਲ ਖਰਾਬ ਕਰ ਦਿੱਤੇ। ਉਸ ਪਰਿਵਾਰ ਨੇ ਆਪ ਵੱਡੇ ਵੱਡੇ ਘਰਾਣਿਆਂ ਨਾਲ ਰਿਸ਼ਤੇ ਜੋੜ ਲਏ, ਇੰਡਸਟਰੀਲਿਸਟ ਬਣ ਗਏ, ਬੱਸਾਂ ਦੇ ਮਾਲਕ ਬਣ ਗਏ, ਵੱਡੇ ਵੱਡੇ ਹੋਟਲਾਂ ਦੇ ਮਾਲਕ ਬਣ ਗਏ। ਉਸੇ ਤਰਜ ਦੇ ਉੱਤੇ ਜਦੋਂ ਉਨ੍ਹਾਂ ਨੇ ਦੇਖਿਆ ਕਿ ਪੰਜਾਬ ਵਿੱਚ ਧਰਮ ਦਾ ਨਾਮ ਲੈ ਕੇ, ਧਰਮ ਦੇ ਬੰਦੇ ਨੂੰ ਡਰਾ ਕੇ 40 ਸਾਲ ਰਾਜ ਕੀਤਾ ਜਾ ਸਕਦਾ ਹੈ ਕਿਉਂਕਿ ਪੰਜਾਬ ਅੰਦਰ ਬਹੁਸੰਮਤੀ ਇੱਕ ਧਰਮ ਦੀ ਸੀ। ਉਨ੍ਹਾਂ ਨੇ ਇਹੀ ਪੈਟਰਨ ਦੇਖਿਆ ਕਿ ਭਾਰਤ ਅੰਦਰ ਕਿਹੜੇ ਇੱਕ ਧਰਮ ਦੀ ਬਹੁਸੰਮਤੀ ਹੈ। ਉਨ੍ਹਾਂ ਦੀ Polarization ਕਰਕੇ ਅੱਜ ਬੀ.ਜੇ.ਪੀ. ਸਿਆਸਤ ਕਰਨ ਲੱਗੀ ਹੋਈ ਹੈ। ਅੱਜ ਸਾਡੇ ਦੇਸ਼ ਨੂੰ ਸਟਰੋਂਗ ਆਪੋਜ਼ੀਸ਼ਨ ਦੀ ਜ਼ਰੂਰਤ ਹੈ। ਅੱਜ ਇਹ ਨਹੀਂ ਕਿ ਬੀ.ਜੇ.ਪੀ. ਜਿੱਤ ਰਹੀ ਹੈ, ਬੀ.ਜੇ.ਪੀ. ਦੀ ਨਕੇਲ ਤਾਂ ਕਦੋਂ ਦੀ ਕੱਸੀ ਜਾਣੀ ਸੀ, ਬੀ.ਜੇ.ਪੀ. ਨੂੰ ਕਦੋਂ ਦੀ ਨੱਥ ਪੈ ਜਾਣੀ ਸੀ ਜੇਕਰ ਸਾਹਮਣੇ ਵਾਲੀ ਆਪੋਜ਼ੀਸ਼ਨ ਪਾਰਟੀ ਜੋ ਕਿ ਆਪਣੇ ਆਪ ਨੂੰ ਨੈਸ਼ਨਲ ਪਾਰਟੀ ਕਹਾਉਂਦੀ ਸੀ, ਜੇ ਕਿਤੇ ਇਹ ਪਾਰਟੀ ਵਿਕਾਊ ਨਾ ਹੁੰਦੀ ਅਤੇ ਉਨ੍ਹਾਂ ਨਾਲ ਰਲੀ ਨਾ ਹੁੰਦੀ। ਇਹ ਰਲੇ ਹੋਏ ਹਨ। ਮੇਰੇ ਤੋਂ ਪਹਿਲਾਂ ਮਾਨਯੋਗ ਮੈਂਬਰ ਦਿਨੇਸ਼ ਚੱਢਾ ਜੀ ਕਹਿ ਕੇ ਹਟੇ ਹਨ ਕਿ ਕਿੰਨੇ ਕਿੰਨੇ ਇਨ੍ਹਾਂ ਦੇ ਮੰਤਰੀ ਅਤੇ ਕਿੰਨੇ ਕਿੰਨੇ ਐਮ.ਐਲ.ਏ ਉਨ੍ਹਾਂ ਵਿੱਚ ਜਾ ਕੇ ਰਲ ਗਏ ਹਨ। ਇੱਕ ਕਹਾਵਤ ਹੈ ਕਿ ਵੱਟੋਂ ਖੁੰਝੀ ਡੂਮਣੀ, ਡਾਵੇ ਆਲ ਪਤਾਲ, ਫਿਰ ਪਾਛੇ ਪਛਤਾਏ ਹੋਤ ਕਿਆ ਜਬ ਚਿੜੀਆ ਚੁਗ ਗਈ ਖੇਤ। ਅੱਜ ਇੱਥੇ ਅਸੀਂ ਉਹ ਲੜਾਈ ਲੜਨ ਲੱਗੇ ਹੋਏ ਹਾਂ ਜਿਨ੍ਹਾਂ ਦੇ ਅਸੀਂ ਵਾਰਸ ਹਾਂ। ਜਿਵੇਂ ਭਾਈ ਲਾਲੋ ਅਤੇ

ਮਲਕ ਭਾਗੋ ਦੀਆਂ ਰੋਟੀਆਂ ਸ਼੍ਰੀ ਗੁਰੂ ਨਾਨਕ ਸਾਹਿਬ ਨੇ ਹੱਥ ਵਿੱਚ ਫੜ ਕੇ ਨਿਚੋੜੀਆਂ ਸਨ ਤਾਂ ਇੱਕ ਵਿੱਚੋਂ ਖ਼ੂਨ ਚੋਂਦਾ ਸੀ ਅਤੇ ਦੂਜੀ ਵਿੱਚੋਂ ਦੁੱਧ ਚੋਂਦਾ ਸੀ। ਅੱਜ ਸਾਡੇ ਜਿਹੜੇ 92 ਮੈਂਬਰ ਜਿੱਤੇ ਹੋਏ ਹਨ ਇਹ ਸਾਡੇ ਸਿਪਾਹੀ ਹਨ। ਅੱਜ ਜੇਕਰ ਇਨ੍ਹਾਂ ਦੀ ਰੋਟੀ ਨਿਚੋੜ ਕੇ ਦੇਖੋਗੇ ਤਾਂ ਇਸ ਵਿੱਚੋਂ ਤੁਹਾਨੂੰ ਦੁੱਧ ਹੀ ਨਜ਼ਰ ਆਵੇਗਾ। ਜਿਹੜੇ ਜਾ ਜਾ ਕੇ ਬੀ.ਜੇ.ਪੀ ਵਿੱਚ ਰਲ ਰਹੇ ਹਨ ਉਨ੍ਹਾਂ ਦੀਆਂ ਰੋਟੀਆਂ ਨਿਚੋੜ ਕੇ ਦੇਖਿਓ ਤਾਂ ਪਤਾ ਲੱਗੇਗਾ ਕਿ ਕਿੰਨਿਆਂ ਦਾ ਲਹੂ ਨਿੱਚੜਦਾ ਹੈ। ਅੱਜ ਵਿਸ਼ਵ ਵਿੱਚ ਇੱਕ ਬੰਦਾ 10 ਸਾਲਾਂ ਦੇ ਅੰਦਰ ਅੰਦਰ ਪੂਰੇ ਵਿਸ਼ਵ ਦਾ ਦੂਜੇ ਨੰਬਰ ਦਾ ਅਮੀਰ ਹੋ ਜਾਵੇ, ਮੈਨੂੰ ਅੱਜ ਕਹਿਣ ਨੂੰ ਕੋਈ ਸੰਕੋਚ ਨਹੀਂ ਕਿ ਰੁਕ ਜਾਓ, ਮਹੀਨੇ, ਦੋ ਮਹੀਨੇ ਦੀ ਗੱਲ ਹੈ ਉਹ ਇੱਕ ਨੰਬਰ ਦਾ ਅਮੀਰ ਬੰਦਾ ਬਣੇਗਾ। ਜੇਕਰ ਸਹੀ ਤਰੀਕੇ ਨਾਲ ਨਿਚੋੜ ਕੱਢਿਆ ਜਾਵੇਗਾ ਤਾਂ ਫਿਰ ਪਤਾ ਲੱਗੇਗਾ ਕਿ ਇੱਕ ਨੰਬਰ ਦਾ ਵਿਸ਼ਵ ਵਿੱਚ ਅਮੀਰ ਬਣਨ ਲਈ ਕਿੰਨਿਆਂ ਦਾ ਖ਼ੂਨ ਉਸ ਦੀ ਰੋਟੀ ਅਤੇ ਉਸ ਦੀ ਜਾਇਦਾਦ ਵਿੱਚੋਂ ਨਿੱਚੜਦਾ ਹੈ। ਇਸ ਕਰਕੇ ਅੱਜ ਜਿਹੜਾ ਵਿਸ਼ਵਾਸ ਮਤ ਲੈ ਕੇ ਆਏ ਹੋ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਇਸ ਤੇ ਪੂਰੀ ਤਰ੍ਹਾਂ ਪਹਿਰਾ ਦਿੰਦੇ ਹਾਂ। ਅਸੀਂ ਸਾਰੇ ਇਸ ਦੇ ਨਾਲ ਹਾਂ। ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਸਿਰਫ ਤੇ ਸਿਰਫ ਪੂਰੇ ਭਾਰਤ ਦੇ ਅੰਦਰ ਇਕੱਲੀ ਆਮ ਆਦਮੀ ਪਾਰਟੀ ਸੀ ਜਿਸ ਦੀ ਬਦੌਲਤ ਅੱਜ ਅਸੀਂ ਇੱਥੇ ਖੜ੍ਹੇ ਹਾਂ। ਜੇਕਰ ਅੱਜ ਆਮ ਆਦਮੀ ਪਾਰਟੀ ਨਾ ਹੁੰਦੀ ਤਾਂ ਕੀ ਸੋਚ ਸਕਦੇ ਹੋ ਕਿ ਸਾਡੇ ਵਰਗੇ ਆਮ ਘਰਾਂ ਦੇ ਧੀ ਪੁੱਤ ਕਦੇ ਵਿਧਾਨ ਸਭਾ ਤੱਕ ਪਹੁੰਚ ਜਾਂਦੇ। ਇਨ੍ਹਾਂ ਦੇ ਤਾਂ ਬੱਚਿਆਂ ਦੀਆਂ ਲਾਈਨਾਂ ਵੀ ਸਨ। ਪਹਿਲਾਂ ਦਾਦਾ, ਫਿਰ ਪਿਓ, ਫਿਰ ਪੋਤਾ ਇਸ ਤਰ੍ਹਾਂ ਸਿਸਟਮ ਚੱਲਦਾ ਸੀ। ਇੱਥੇ ਹੀ ਬਸ ਨਹੀਂ ਫਿਰ ਇਹ ਧੀਆਂ, ਜਵਾਈਆਂ ਵਾਲੇ ਪਾਸੇ ਨੂੰ ਤੁਰ ਪਏ ਸਨ ਪਰ ਅੱਜ ਇਕੱਲੀ ਆਮ ਆਦਮੀ ਪਾਰਟੀ ਹੈ ਜੋ ਪੰਜਾਬ ਦੀ ਜਨਤਾ ਨੇ ਬਹੁਮਤ ਨਾਲ ਵੋਟਾਂ ਪਾ ਕੇ 92 ਚਿਹਰੇ ਭੇਜੇ ਹਨ। ਜਿਨ੍ਹਾਂ ਦਾ ਕੋਈ ਲੰਮਾ ਚੌੜਾ ਪੁਲੀਟੀਕਲ ਪਿਛੋਕੜ ਨਹੀਂ ਸੀ। ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ। ਇਹ ਬਹੁਤ ਸੈਂਸਟਿਵ ਇਸ਼ੂ ਹੈ। ਆਖਿਰ ਵਿੱਚ ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਅੱਜ ਜੇਕਰ ਸਤਿੰਦਰ ਜੈਨ ਵਰਗੇ ਮੰਤਰੀ ਜੇਲ੍ਹ ਅੰਦਰ ਬੈਠੇ ਹਨ ਇਹ ਗੱਲ ਬੀ.ਜੇ.ਪੀ. ਦਾ ਉਹ ਚਿਹਰਾ ਦਰਸਾਉਂਦੀ ਹੈ ਕਿ ਡੈਮੋਕ੍ਰੇਸੀ ਦੇ ਉੱਤੇ ਕਿੰਨਾ ਵੱਡਾ ਖਤਰਾ ਹੈ। ਉਸ ਨੇਕ ਬੰਦੇ ਨੇ ਮੁਹੱਲਾ ਕਲੀਨਿਕ ਦਿੱਤੇ। ਉਸ ਨੇਕ ਇਨਸਾਨ ਨੇ ਲੋਕਾਂ ਨੂੰ ਫਰੀ ਵਿੱਦਿਆ ਦਿੱਤੀ। ਉਹ ਇਨਸਾਨ ਅੱਜ ਜੇਲ੍ਹ ਵਿੱਚ ਬੈਠਾ ਹੈ। ਉਨ੍ਹਾਂ ਦਾ ਕਸੂਰ ਕੀ ਹੈ ਇਹ ਤਾਂ ਦੱਸ ਦਿਓ। ਅਸੀਂ ਸਵਾਲ ਪੁੱਛਦੇ ਹਾਂ ਕਿ ਕੀ ਕਸੂਰ ਹੈ?

4.00 ਕੁ.ਕ/ਮ.ਸ਼ 03.10.2022

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਜੇ ਸੱਚ ਬੋਲਣਾ ਸਾਡਾ ਕਸੂਰ ਹੈ ਤਾਂ ਅਸੀਂ 92 ਵਿਧਾਇਕ ਤਿਆਰ ਬੈਠੇ ਹਾਂ, ਸਾਨੂੰ ਸਾਰਿਆਂ ਨੂੰ ਡੱਕ ਕੇ ਅੰਦਰ ਕਰ ਦਿਓ। ਅਸੀਂ ਛੇ-ਛੇ ਮਹੀਨੇ ਲਈ ਅੰਦਰ ਜਾਣ ਨੂੰ

ਤਿਆਰ ਬੈਠੇ ਹਾਂ। ਸੋ, ਬਹੁਤ-ਬਹੁਤ ਧੰਨਵਾਦ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅਸੀਂ ਇਸ ਵਿਸ਼ਵਾਸ ਮਤ ਦਾ ਪੂਰਨ ਸਮਰਥਨ ਕਰਦੇ ਹਾਂ। ਧੰਨਵਾਦ ਜੀ।

**ਸ਼੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਤੁਸੀਂ ਮੈਨੂੰ ਅੱਜ ਇਸ ਵਿਸ਼ਵਾਸ ਮਤ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬੜੇ ਦਿਨਾਂ ਤੋਂ ਇਹ ਗੱਲ ਚੱਲੀ ਜਾਂਦੀ ਸੀ ਕਿ ਇਹ ਸੈਸ਼ਨ ਹੋਵੇਗਾ ਜਾਂ ਨਹੀਂ। ਇਸ ਸੈਸ਼ਨ ਰਾਹੀਂ ਅੱਜ ਪੰਜਾਬ ਦੇ ਅਤੇ ਪੂਰੀ ਦੁਨੀਆ ਦੇ ਲੋਕਾਂ ਨੂੰ ਇਹ ਪਤਾ ਚੱਲ ਜਾਵੇਗਾ ਕਿ ਆਪਰੇਸ਼ਨ ਲੋਟਸ ਕੀ ਚੀਜ਼ ਹੈ? ਇੱਕ ਪਾਸੇ ਤਾਂ ਲੋਕ ਬੜੀਆਂ ਉਮੀਦਾਂ ਲੈ ਕੇ ਐਮ.ਐਲ.ਏ., ਮੰਤਰੀ ਬਣਾ ਕੇ ਭੇਜਦੇ ਹਨ। ਸਰਕਾਰ ਬਣਾ ਕੇ ਭੇਜਦੇ ਹਨ। ਦੂਜੇ ਪਾਸੇ ਕਈ ਸਰਕਾਰਾਂ ਉਨ੍ਹਾਂ ਨੂੰ ਤੋੜਣ ਵਾਸਤੇ ਕੋਈ ਯਤਨ ਨਹੀਂ ਛੱਡਦੀਆਂ ਕਿਉਂਕਿ ਜੇ ਕੋਈ ਸਰਕਾਰ ਚੰਗਾ ਕੰਮ ਕਰਦੀ ਹੈ ਤਾਂ ਉਸ ਨੂੰ ਰੋਕਣ ਵਾਲੇ ਵੀ ਬੜੇ ਹੋ ਜਾਂਦੇ ਹਨ। ਇੱਕ ਸਰਕਾਰ ਉਹ ਆਈ, ਜਿਸ ਨੇ ਭਾਰਤ ਦੀ ਰਾਜਨੀਤੀ ਦਾ ਨਕਸ਼ਾ ਬਦਲ ਦਿੱਤਾ, ਰਿਵਾਜ ਬਦਲ ਦਿੱਤੇ, ਉਹ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਜਿਸ ਨੇ ਪਹਿਲਾਂ ਦਿੱਲੀ ਵਿੱਚ ਮਿਸ਼ਨ ਲੋਟਸ ਫੇਲ੍ਹ ਕੀਤਾ ਅਤੇ ਅੱਜ ਤੁਹਾਡੀ ਹਾਜ਼ਰੀ ਵਿੱਚ ਪੰਜਾਬ ਦੇ ਸਾਰੇ 92 ਐਮ.ਐਲ.ਏਜ਼ ਨੇ ਪੰਜਾਬ ਵਿੱਚ ਫੇਲ੍ਹ ਕੀਤਾ ਹੈ। ਜਿਹੜੇ ਬੀ.ਜੇ.ਪੀ. ਦੇ ਨਾਲ ਰਲੇ ਸੀ, ਇਨ੍ਹਾਂ ਦੀ ਬੀ ਅਤੇ ਸੀ ਟੀਮ ਵਾਲੇ, ਉਹ ਤਾਂ ਸਾਡੇ ਸਾਹਮਣੇ ਕੁਰਸੀਆਂ ਖਾਲੀ ਪਈਆਂ ਹਨ। ਇਨ੍ਹਾਂ ਦੀ ਗਾਹਕੀ ਖਰਾਬ ਹੋ ਗਈ ਹੈ। ਜੇ ਕੋਈ ਇੱਕ ਅੱਧਾ ਇੱਧਰੋਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਜਾਂਦਾ ਤਾਂ ਇਨ੍ਹਾਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਦਾ ਵੀ ਨਾਲ ਸੌਦਾ ਹੋ ਜਾਣਾ ਸੀ। ਪਰ ਸਦਕੇ ਜਾਈਏ ਆਹ 92 ਪੰਜਾਬ ਦੇ ਮਿੱਟੀ ਦੇ ਪੁੱਤਾਂ ਤੇ, ਭੈਣਾਂ ਤੇ ਭਰਾਵਾਂ ਤੇ ਜੋ ਮਾਨ ਸਾਹਿਬ ਦੀ ਹਾਜ਼ਰੀ ਵਿੱਚ ਅੱਜ ਵੀ ਇਹ ਅਟੱਲ ਹਨ। ਉੱਥੇ ਦੇ ਉੱਥੇ ਹੀ ਖੜ੍ਹੇ ਹਨ, ਜਿਵੇਂ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਤੇ ਵਿਸ਼ਵਾਸ ਕੀਤਾ ਸੀ। ਜਿੱਥੇ-ਜਿੱਥੇ ਬੀ.ਜੇ.ਪੀ. ਵਾਲਿਆਂ ਨੂੰ ਲੋੜ ਪੈ ਜਾਵੇ, ਉੱਥੇ-ਉੱਥੇ ਹੀ ਚਲੇ ਜਾਂਦੇ ਹਨ, ਕਿ ਸਾਡਾ ਸੌਦਾ ਕਰ ਲਵੋ। ਜਿਵੇਂ ਕਰਨਾਟਕ ਵਿੱਚ ਇਨ੍ਹਾਂ ਨੇ ਸੌਦਾ ਕੀਤਾ ਹੈ। ਮਹਾਰਾਸ਼ਟਰ, ਮੱਧ ਪ੍ਰਦੇਸ਼, ਗੋਆ ਵਿੱਚ ਵੀ ਹੁਣੇ-ਹੁਣੇ ਸੌਦਾ ਕੀਤਾ ਹੈ। ਪਰ ਪੰਜਾਬ ਵਿੱਚ ਇਨ੍ਹਾਂ ਦਾ ਸੌਦਾ ਚੱਲਣਾ ਨਹੀਂ ਸੀ ਇਸ ਲਈ ਹੀ ਇਹ ਸੈਸ਼ਨ ਰੋਕਿਆ ਜਾ ਰਿਹਾ ਸੀ। ਇਨ੍ਹਾਂ ਨੂੰ ਡਰ ਸੀ ਕਿ ਕਿਤੇ ਲੋਕਾਂ ਨੂੰ ਇਹ ਪਤਾ ਨਾ ਲੱਗ ਜਾਵੇ ਕਿ ਇਹ ਕੀ ਕਰੀ ਜਾ ਰਹੇ ਹਨ। ਇੰਨੇ ਪੈਸੇ ਦੀ ਆਫਰ, ਇੰਨੇ ਪੈਸੇ ਤਾ ਇਹ ਵਿਚਾਰੇ ਸਾਰੇ ਲਾ ਕੇ ਵੀ ਨਹੀਂ ਬਣੇ ਹੋਣੇ, ਜਿੰਨੇ-ਜਿੰਨੇ ਪੈਸੇ ਬੀ.ਜੇ.ਪੀ. ਵਾਲੇ ਦੇਣ ਨੂੰ ਫਿਰਦੇ ਹਨ। ਪਹਿਲਾਂ ਇਹ ਸੋਚੋ, ਕਿ ਇਹ ਪੈਸਾ ਆਇਆ ਕਿੱਥੋਂ ਹੈ? ਕੋਈ ਗੱਲ ਨਹੀਂ ਜੀ, ਸਮਾਂ ਬੜੀ ਵੱਡੀ ਚੀਜ਼ ਹੁੰਦਾ ਹੈ। ਬੜੇ-ਬੜੇ ਮਹਾਰਾਜੇ ਆਏ ਚਲੇ ਗਏ। ਇਨ੍ਹਾਂ ਨੂੰ ਵੀ ਬੜੀ ਜਲਦੀ ਪਤਾ ਚੱਲ ਜਾਵੇਗਾ ਕਿਉਂਕਿ ਹਿੰਦੁਸਤਾਨ ਦੇ ਲੋਕ ਇਨ੍ਹਾਂ ਨੂੰ ਬਦਲ ਦੇਣਗੇ। ਇਹ ਤਖਤਾ ਬਦਲਣ ਲੱਗਿਆਂ ਦੇਰ ਨਹੀਂ ਲੱਗਣੀ। ਇੱਥੇ ਵੀ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਵੱਡੇ-ਵੱਡੇ ਘਰਾਣੇ ਬੈਠੇ ਹੁੰਦੇ ਸੀ। ਇੱਧਰ (ਚੇਅਰ ਵੱਲ ਇਸ਼ਾਰਾ) ਵੀ ਵੱਡੇ-ਵੱਡੇ ਘਰਾਣੇ ਬੈਠੇ ਹੁੰਦੇ ਸੀ ਜਿਨ੍ਹਾਂ ਨੇ ਕਦੇ ਸੋਚਿਆ

ਨਹੀਂ ਸੀ ਕਿ ਇਹ ਹਾਰ ਵੀ ਸਕਦੇ ਹਨ। ਪਰ ਪੰਜਾਬ ਦੇ ਲੋਕਾਂ ਨੇ ਬਹੁਤ ਵੱਡੀ ਕਮਾਲ ਕੀਤੀ ਹੈ ਕਿ ਜਿੰਨੇ ਪੁਰਾਣੇ ਮੁੱਖ ਮੰਤਰੀ, ਉੱਪ ਮੁੱਖ ਮੰਤਰੀ ਸਨ, ਸਭ ਨੂੰ ਹਰਾ ਦਿੱਤਾ। ਇੱਥੇ ਕੋਈ ਵੀ ਵੱਡਾ ਚਿਹਰਾ ਨਹੀਂ ਆਇਆ। ਆਹ, ਸਾਰੇ ਆਮ ਘਰਾਂ ਦੇ ਪੁੱਤ, ਭੈਣ-ਭਰਾ ਇੱਥੇ ਆਏ ਹਨ, ਜਿਨ੍ਹਾਂ ਨੂੰ ਕੋਈ ਜਾਣਦਾ ਵੀ ਨਹੀਂ ਸੀ। ਸਪੀਕਰ ਸਾਹਿਬ, ਇਹ ਬੜੀ ਕਿਸਮਤ ਵਾਲੀ ਗੱਲ ਹੈ। ਇਹ ਪਹਿਲੀ ਵਾਰੀ ਇਤਿਹਾਸ ਵਿੱਚ ਹੋਇਆ ਹੈ। ਇਤਿਹਾਸ ਕਦੇ-ਕਦੇ ਲਿਖਿਆ ਜਾਂਦਾ ਹੈ। ਇਹ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਭੱਜੇ ਪਤਾ ਕਿਉਂ ਹਨ? ਇਹ ਭੱਜੇ ਇਸ ਲਈ ਹਨ ਕਿਉਂਕਿ ਇਹ ਮੁੱਖ ਮੰਤਰੀ ਦੀ ਅੱਖ ਵਿੱਚ ਅੱਖ ਪਾਉਣ ਜੋਗੇ ਵੀ ਨਹੀਂ ਹਨ। ਹਰ ਰੋਜ਼ ਮੁੱਖ ਮੰਤਰੀ ਨਵਾਂ-ਨਵਾਂ ਕੰਮ ਲੈ ਕੇ ਆਉਂਦੇ ਹਨ। ਇਹ ਉਹ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਬਿਜਲੀ ਮੁਆਫ ਕੀਤੀ, ਜਿਨ੍ਹਾਂ ਨੇ ਪੰਜਾਬ ਵਿੱਚ ਮੁਹੱਲਾ ਕਲੀਨਿਕ ਸ਼ੁਰੂ ਕੀਤੇ ਹਨ। ਜਿਨ੍ਹਾਂ ਨੇ ਬੜੇ ਸਾਲਾਂ ਤੋਂ ਕੱਚੀਆਂ ਨੌਕਰੀਆਂ ਵਾਲੇ ਬੱਚਿਆਂ ਨੂੰ ਪੱਕਾ ਕਰ ਦਿੱਤਾ ਹੈ। ਜਿਨ੍ਹਾਂ ਨੇ ਐਨੀਆਂ ਨੌਕਰੀਆਂ ਕੱਢੀਆਂ ਹਨ, ਜੋ ਕਿ ਪਿਛਲੀਆਂ ਸਰਕਾਰਾਂ ਨੇ ਪੰਜ ਸਾਲਾਂ ਵਿੱਚ ਵੀ ਨਹੀਂ ਕੱਢੀਆਂ ਸੀ। ਸਾਡੀ ਸਰਕਾਰ ਨੇ ਉਹ ਛੇ ਮਹੀਨਿਆਂ ਵਿੱਚ ਕੱਢ ਦਿੱਤੀਆਂ ਹਨ। ਜੋ ਕਦੇ ਸੋਚਿਆ ਵੀ ਨਹੀਂ ਸੀ ਕਿ ਆਹ ਕੰਮ ਵੀ ਪੰਜਾਬ ਵਿੱਚ ਹੋ ਸਕਦਾ ਹੈ? ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਉਹ ਕੰਮ ਕੀਤੇ ਹਨ। ਇਸ ਲਈ ਉਹ (ਆਪੋਜ਼ੀਸ਼ਨ ਦੇ ਮੈਂਬਰ) ਮੁੱਖ ਮੰਤਰੀ ਦੇ ਸਾਹਮਣੇ ਨਹੀਂ ਬੈਠ ਸਕਦੇ। ਇਸ ਲਈ ਰੌਲਾ ਪਾ ਕੇ ਚਲੇ ਜਾਂਦੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਇਹ ਉਹ ਸਰਕਾਰ ਹੈ ਜਿਸ ਨੇ ਜਿਨ੍ਹਾਂ ਟੇਲਾਂ ਤੇ 30-30 ਸਾਲ ਹੋ ਗਏ ਸਨ ਪਾਣੀ ਨਹੀਂ ਆਇਆ ਸੀ, ਉਨ੍ਹਾਂ ਟੇਲਾਂ ਤੇ ਪਾਣੀ ਲਿਆਂਦਾ ਹੈ। ਇਹ ਉਹ ਸਰਕਾਰ ਹੈ, ਜਿਸ ਨੇ ਇਨ੍ਹਾਂ ਨੂੰ ਮੂੰਹ ਤੋੜ ਜਵਾਬ ਦੇ ਦਿੱਤਾ।

04.05/ਪ.ਸ਼/ਮ.ਸ਼

ਕਈ ਸਾਡੇ ਭੈਣਾਂ ਭਰਾਵਾਂ ਨੂੰ ਫੋਨ ਆਏ, ਕਈਆਂ ਨੂੰ ਪੈਸੇ ਦੀਆਂ ਆਫਰਾਂ ਆਈਆਂ ਪਰ ਇਨ੍ਹਾਂ ਤੇ ਸੱਦ ਕੇ ਜਾਈਏ। ਅੱਜ ਉੱਥੇ ਇੱਕ ਸਾਡਾ ਭਰਾ ਨੰਬਰ ਵੀ ਦੇ ਕੇ ਆਇਆ ਹੈ ਅਤੇ ਨਾਂਅ ਵੀ ਦਰਜ ਕਰਵਾ ਕੇ ਆਇਆ ਹੈ। ਇਨ੍ਹਾਂ ਨੇ ਬੜੇ ਦਿਨਾਂ ਦਾ ਰੌਲਾ ਪਾ ਰੱਖਿਆ ਸੀ, ਬੜੀ ਜਲਦੀ ਉਹ ਨਾਂਅ ਅਤੇ ਨੰਬਰ ਵੀ ਤੁਹਾਡੇ ਸਾਹਮਣੇ ਜਗ ਜ਼ਾਹਿਰ ਹੋਣਗੇ। ਜਿਸ ਦਿਨ ਸੈਸ਼ਨ ਬੁਲਾਉਣਾ ਸੀ, ਉਦੋਂ ਕਾਂਗਰਸ ਵਾਲੇ ਚਿੱਠੀਆਂ ਲਿਖ-ਲਿਖ ਕੇ ਦਿੰਦੇ ਸਨ ਕਿ ਸੈਸ਼ਨ ਬੁਲਾਉਣ ਦੀ ਕੋਈ ਲੋੜ ਨਹੀਂ ਹੈ। ਸੈਸ਼ਨ ਬੁਲਾਉਣ ਦੀ ਲੋੜ ਇਸ ਕਰਕੇ ਨਹੀਂ ਸੀ ਕਿਉਂਕਿ ਇੱਕ ਭਰਾ ਓਪਰੇਸ਼ਨ ਲੋਟਸ ਦੇ ਵਿੱਚ ਬੈਠਾ ਹੈ ਅਤੇ ਇੱਕ ਭਰਾ ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠਾ ਹੈ। ਕਿਸੇ ਦਾ ਚਾਚਾ ਓਪਰੇਸ਼ਨ ਲੋਟਸ ਦੇ ਵਿੱਚ ਬੈਠਾ ਹੈ ਤੇ ਭਤੀਜਾ ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠਾ ਹੈ। ਬਈ ਸਹੀ ਹੈ ਜਾਂ ਗਲਤ ਦੱਸ ਦਿਓ? ਸਪੀਕਰ ਸਾਹਿਬ, ਇਸੇ ਕਰਕੇ ਹੀ ਇਹ ਸੈਸ਼ਨ ਨਹੀਂ ਬੁਲਾਉਂਦੇ ਸਨ। ਜਿਹੜਾ ਸਾਡੇ ਮੁੱਖ ਮੰਤਰੀ ਸਾਹਿਬ ਵੱਲੋਂ ਅੱਜ ਵਿਸ਼ਵਾਸ ਮਤਾ ਆਇਆ ਹੈ, ਅਸੀਂ ਉਸ ਦਾ ਪੁਰਜ਼ੋਰ ਸਮਰਥਨ ਵੀ ਕਰਦੇ ਹਾਂ ਤੇ ਪੰਜਾਬ ਨੂੰ

ਬਚਾਉਣ ਵਾਸਤੇ ਜੋ ਕੁਝ ਕਰਨਾ ਪਿਆ, ਉਹ ਜ਼ਰੂਰ ਕਰਾਂਗੇ। ਤੁਹਾਡੇ ਸਾਰਿਆਂ ਦਾ ਧੰਨਵਾਦ। ਥੈਂਕ ਯੂ ਸਪੀਕਰ ਸਾਹਿਬ।

**ਮਾਨਯੋਗ ਡਿਪਟੀ ਸਪੀਕਰ**: ਥੈਂਕ ਯੂ। ਮਾਨਯੋਗ ਐਮ.ਐਲ.ਏ. ਸਾਹਿਬ ਪ੍ਰਿੰਸੀਪਲ ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.)**: ਡਿਪਟੀ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਅੱਜ ਮੈਨੂੰ ਵਿਸ਼ਵਾਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ। ਸਭ ਤੋਂ ਪਹਿਲਾਂ ਮੈਂ ਇਸ ਵਿਸ਼ਵਾਸ ਮਤੇ ਦੇ ਸਮਰਥਨ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਕਾਫੀ ਬੁਲਾਰਿਆਂ ਨੇ ਬੋਲਿਆ ਹੈ ਕਿ ਕਿਸ ਤਰ੍ਹਾਂ ਲੋਕਤੰਤਰ ਨਾਲ ਖਿਲਵਾੜ ਕਰਕੇ ਇਨ੍ਹਾਂ ਨੇ ਸਾਰੇ ਭਾਰਤ ਦੇ ਵਿੱਚ ਇੱਕ ਨਵੀਂ ਲਹਿਰ ਹੀ ਚਲਾ ਦਿੱਤੀ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਇਹ ਲੋਕਤੰਤਰ ਦੇ ਸੀਰੀਅਲ ਕਿੱਲਰ ਬਣ ਗਏ ਹੋਣ। ਜਦੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਸਾਹਿਬ ਜੀ ਸੰਵਿਧਾਨ ਦੀ ਰਚਨਾ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਨੁਮਾਇੰਦਿਆਂ ਨੂੰ ਚੁਣਨ ਲਈ ਤੁਸੀਂ ਕਿਸ ਤਰ੍ਹਾਂ ਦਾ ਸਟਰੱਕਚਰ ਤਿਆਰ ਕਰੋਗੇ ਤਾਂ ਬਾਬਾ ਸਾਹਿਬ ਜੀ ਨੇ ਬੜੇ ਕਲੀਅਰ ਸ਼ਬਦਾਂ ਦੇ ਵਿੱਚ ਕਿਹਾ ਸੀ ਕਿ ਪਹਿਲੇ ਸਮੇਂ ਦੇ ਵਿੱਚ ਰਾਜੇ ਉਹ ਹੀ ਹੁੰਦੇ ਸਨ, ਜਿਹੜੇ ਰਾਣੀ ਦੇ ਪੇਟ ਵਿੱਚੋਂ ਜਨਮ ਲੈਂਦੇ ਸਨ ਪਰ ਹੁਣ ਮੈਂ ਇਹ ਪ੍ਰਥਾ ਬੰਦ ਕਰ ਦਿੱਤੀ ਹੈ। ਹੁਣ ਜਿਹੜੇ ਰਾਜੇ ਨੇ ਦੇਸ਼ ਦੀ ਨੁਮਾਇੰਦਗੀ ਕਰਨੀ ਹੈ, ਉਹ ਕਿਸੇ ਰਾਣੀ ਦੇ ਪੇਟ ਤੋਂ ਨਹੀਂ ਉਹ ਬੈਲਟ ਬਾਕਸ ਦੇ ਡੱਬਿਆਂ ਦੇ ਵਿੱਚੋਂ ਨਿਕਲਣਗੇ। ਸੋ, ਬੈਲਟ ਬਾਕਸ ਰਾਹੀਂ ਹੀ ਨੁਮਾਇੰਦਿਆਂ ਦੀ ਚੋਣਾਂ ਹੋਣ ਲਗ ਗਈ ਪਰ ਜਦੋਂ ਬੀ.ਜੇ.ਪੀ. ਆ ਗਈ ਤਾਂ ਇਸ ਨੇ ਇੱਕ ਨਵਾਂ ਸਿਸਟਮ ਪੈਦਾ ਕਰ ਦਿੱਤਾ। ਜਿਹੜੇ ਬੈਲਟ ਬਾਕਸ ਵਿੱਚੋਂ ਜਾਂ ਮਸ਼ੀਨਾਂ ਰਾਹੀਂ ਚੁਣੇ ਹੋਏ ਲੋਕਾਂ ਦੇ ਨੁਮਾਇੰਦੇ ਸਨ, ਉਨ੍ਹਾਂ ਦੀ ਰਾਏ ਨੂੰ ਕਤਲ ਕਰਕੇ, ਲੋਕਤੰਤਰ ਦਾ ਕਤਲ ਕਰਕੇ ਉਨ੍ਹਾਂ ਨੂੰ ਖਰੀਦ ਕੇ ਆਪਣੀ ਸਰਕਾਰ ਬਣਾਉਣੀ ਸ਼ੁਰੂ ਕਰ ਦਿੱਤੀ, ਜਿਵੇਂ ਕਰਨਾਟਕ, ਮਹਾਰਾਸ਼ਟਰ, ਛੱਤਿਸਗੜ੍ਹ, ਆਂਧਰਾ ਪ੍ਰਦੇਸ਼, ਉੱਤਰਾਖੰਡ ਅਤੇ ਗੋਆ ਦੇ ਵਿੱਚ ਵੇਖਣ ਨੂੰ ਮਿਲਿਆ ਹੈ। ਜਿਵੇਂ ਪਹਿਲਾਂ ਕਹਿੰਦੇ ਹੁੰਦੇ ਸਨ ਕਿ ਇੱਕ ਰਾਜਾ ਆਪਣਾ ਘੋੜਾ ਛੱਡ ਦਿੰਦਾ ਹੁੰਦਾ ਸੀ ਅਤੇ ਜਿੱਥੇ-ਜਿੱਥੇ ਵੀ ਉਹ ਘੋੜਾ ਜਾਂਦਾ ਸੀ, ਰਾਜਾ ਕਹਿੰਦਾ ਹੁੰਦਾ ਸੀ ਕਿ ਇੱਥੇ ਮੇਰਾ ਰਾਜ ਹੈ ਅਤੇ ਜਿਹੜਾ ਉਸ ਘੋੜੇ ਨੂੰ ਫੜਦਾ ਸੀ, ਨਾਲ ਦੀ ਨਾਲ ਜੰਗ ਸ਼ੁਰੂ ਹੋ ਜਾਂਦੀ ਸੀ। ਇਨ੍ਹਾਂ ਨੇ ਇਹ ਜਿਹੜਾ ਘੋੜਾ ਛੱਡਿਆ ਸੀ, ਉਹ ਜਦੋਂ ਚਲਦਾ-ਚਲਦਾ ਦਿੱਲੀ ਆਇਆ ਤਾਂ ਅਰਵਿੰਦ ਕੇਜਰੀਵਾਲ ਜੀ ਨੇ ਉਸ ਦੀ ਲਗਾਮ ਫੜ ਲਈ। ਉੱਥੇ ਜਾ ਕੇ ਇਹ ਫੇਲ੍ਹ ਹੋ ਗਏ। ਉੱਥੇ ਓਪਰੇਸ਼ਨ ਲੋਟਸ ਨੂੰ ਬੋਗਸ ਸਿੱਧ ਕਰ ਦਿੱਤਾ ਗਿਆ ਅਤੇ ਅਰਵਿੰਦ ਕੇਜਰੀਵਾਲ ਜੀ ਦੀ ਸਰਕਾਰ ਦੇ ਜਿਹੜੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਜੀ ਹਨ, ਉਨ੍ਹਾਂ ਨੂੰ ਕਿਹਾ ਗਿਆ ਕਿ ਤੂੰ ਸਾਡੇ ਕੋਲ ਆ, ਬੰਦੇ ਲੈ ਕੇ ਆ, ਅਸੀਂ ਤੈਨੂੰ ਮੁੱਖ ਮੰਤਰੀ ਬਣਾਵਾਂਗੇ। ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ, ਉਸ ਤਰ੍ਹਾਂ ਬਣਾ ਦਿਆਂਗੇ। ਇਹ ਖੁਦ ਮਨੀਸ਼ ਸਿਸੋਦੀਆ ਜੀ ਨੇ ਦੱਸਿਆ ਹੈ। ਪਰ ਸਪੀਕਰ

ਸਾਹਿਬ, ਉਨ੍ਹਾਂ ਨੇ ਬਿਲਕੁਲ ਲਾਲਚ ਨਹੀਂ ਕੀਤਾ ਅਤੇ ਦਿੱਲੀ ਦੇ ਵਿੱਚ ਜਿਹੜੇ ਐਮ.ਐਲ.ਏ. ਸਾਹਿਬਾਨ ਨੂੰ ਤੋੜਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਵਿੱਚੋਂ ਇੱਕ ਵੀ ਬੰਦਾ ਨਹੀਂ ਟੁੱਟਿਆ ਭਾਵੇਂ ਉਨ੍ਹਾਂ ਨੂੰ ਪਤਾ ਸੀ ਕਿ ਦਿੱਲੀ ਦੇ ਵਿੱਚ ਸਾਡੀ ਸਰਕਾਰ ਦੀ ਪਾਵਰਾਂ ਘੱਟ ਹਨ। ਅੱਜ ਸਾਡੇ ਸਤਿੰਦਰ ਜੈਨ ਜੀ ਅੰਦਰ ਹੋ ਰਹੇ ਹਨ। ਉਸ ਤੋਂ ਬਾਅਦ ਸਾਡੇ ਕਮਿਊਨੀਕੇਸ਼ਨ ਇੰਚਾਰਜ ਵਿਜੈ ਨਾਇਰ ਜੀ ਨੂੰ ਵੀ ਅੰਦਰ ਕਰ ਦਿੱਤਾ ਹੈ ਅਤੇ ਹੁਣ ਰਾਘਵ ਚੱਢਾ ਜੀ ਨੂੰ ਅੰਦਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਉੱਥੇ ਉਨ੍ਹਾਂ ਦਾ ਓਪਰੇਸ਼ਨ ਲੋਟਸ ਬਿਲਕੁਲ ਬੇਕਾਰ, ਬੇਮਾਅਨਾ ਹੋ ਗਿਆ ਹੈ। ਜਦੋਂ ਉੱਥੇ ਉਨ੍ਹਾਂ ਦੀ ਗੱਲ ਨਹੀਂ ਚਲੀ ਤਾਂ ਇਹ ਫਿਰ ਪੰਜਾਬ ਵੱਲ ਨੂੰ ਤੁਰ ਪਏ। ਅੱਜ ਸਾਨੂੰ ਇਸ ਓਪਰੇਸ਼ਨ ਲੋਟਸ ਤੇ ਬੋਲਣ ਦੀ ਅਤੇ ਵਿਸ਼ਵਾਸ ਮਤਾ ਲੈ ਕੇ ਆਉਣ ਦੀ ਲੋੜ ਇਸ ਕਰਕੇ ਪਈ ਕਿਉਂਕਿ ਇੱਥੇ ਵੀ ਉਨ੍ਹਾਂ ਵੱਲੋਂ ਐਮ.ਐਲ.ਏਜ਼ ਨੂੰ ਅਪਰੋਚ ਕੀਤੀ ਗਈ ਪਰ ਇੱਕ ਵੀ ਐਮ.ਐਲ.ਏ. ਉਨ੍ਹਾਂ ਦੇ ਇਸ ਕਲਾਵੇ ਵਿੱਚ ਨਹੀਂ ਆਇਆ।

**4.10/ਜਸਪਾਲ/ਸੁਭਮ/3.10.2022**

ਜਿਸ ਕਰਕੇ ਟੋਟਲੀ ਆਪਰੇਸ਼ਨ ਲੋਟਸ ਪੰਜਾਬ ਵਿੱਚ ਫੇਲ੍ਹ ਕਰਕੇ ਦਿੱਲੀ ਦੀ ਤਰ੍ਹਾਂ ਫੇਲ੍ਹ ਕਰ ਦਿੱਤਾ । ਇਹ ਸਾਡੇ ਆਮ ਆਦਮੀ ਪਾਰਟੀ ਦੀ ਕੁਮਿੱਟਮੈਂਟ ਦੀ ਇੱਕ ਪੱਕੀ ਮੋਹਰ ਲਗਾ ਦਿੱਤੀ। ਸਾਡੇ ਕੇਜਰੀਵਾਲ ਸਾਹਿਬ ਜੀ ਜਿਹੜੇ ਸਾਡੇ ਸਰਪ੍ਰਸਤ ਹਨ, ਸਾਡੇ ਕਨਵੀਨਰ ਹਨ, ਸਾਡੇ ਲੈਣ ਦੇਣ ਵਾਲੇ ਹਨ, ਇਮਾਨਦਾਰ ਨੀਤੀ ਦੀ, ਉਸ ਤੋਂ ਬਾਅਦ ਸਰਦਾਰ ਭਗਵੰਤ ਸਿੰਘ ਮਾਨ ਜੀ ਹਨ ਕਿਉਂਕਿ ਇਨ੍ਹਾਂ ਦਾ ਜਿਹੜਾ ਮਕਸਦ ਹੈ, ਉਹ ਮਕਸਦ ਆਪਣੇ ਆਪ ਨੂੰ ਇੱਕ ਨੰਬਰ ਬਣਾਉਣਾ ਨਹੀਂ ਹੈ। ਜਿਵੇਂ ਬੀ.ਜੇ.ਪੀ. ਦਾ ਮਕਸਦ ਹੈ ਕਿ ਉਨ੍ਹਾਂ ਦਾ ਨੇਤਾ ਇੱਕ ਨੰਬਰ ਹੋਵੇ, ਉਨ੍ਹਾਂ ਦੇ ਨੇਤਾ ਤੇ ਕਾਰਪੋਰੇਟ ਘਰਾਣੇ ਇੱਕ ਨੰਬਰ ਹੋਣ ਪਰੰਤੂ ਪੰਜਾਬ ਵਿਚ ਇਸ ਤਰ੍ਹਾਂ ਨਹੀਂ ਹੈ। ਦਿੱਲੀ ਵਿਚ ਇਸ ਤਰ੍ਹਾਂ ਨਹੀਂ ਹੈ, ਆਮ ਆਦਮੀ ਪਾਰਟੀ ਦੀ ਪਾਲਿਸੀ ਵਿਚ ਇਸ ਤਰ੍ਹਾਂ ਨਹੀਂ ਹੈ, ਉਹ ਨਹੀਂ ਚਾਹੁੰਦੇ ਕਿ ਅਸੀਂ ਇੱਕ ਨੰਬਰ ਹੋਈਏ, ਉਹ ਚਾਹੁੰਦੇ ਹਨ ਕਿ ਮੇਰਾ ਦੇਸ਼ ਇਕ ਨੰਬਰ ਹੋਵੇ, ਮੇਰਾ ਪੰਜਾਬ ਇਕ ਨੰਬਰ ਹੋਵੇ, ਇਹ ਭਗਵੰਤ ਮਾਨ ਦੀ ਸੋਚ ਹੈ, ਇਹ ਅਰਵਿੰਦ ਕੇਜਰੀਵਾਲ ਦੀ ਸੋਚ ਹੈ। (ਥੰਪਿੰਗ) ਹੁਣ ਗੱਲ ਇਹ ਹੈ ਕਿ ਇਹ ਕਾਂਗਰਸ ਵਾਲੇ ਸਾਡੇ ਸਾਹਮਣੇ ਬੈਠੇ ਹਨ । ਅਸਲ ਵਿਚ ਆਪਰੇਸ਼ਨ ਲੋਟਸ ਦਾ ਇੱਕ ਸਾਫਟ ਟਾਰਗੈਟ ਹੈ, ਉਹ ਕਾਂਗਰਸ ਬਣਦੀ ਜਾ ਰਹੀ ਹੈ, ਜਿਥੇ ਵੱਖ ਵੱਖ ਥਾਵਾਂ ਦੇਖ ਲਵੋ, ਭਾਵੇਂ ਕਰਨਾਟਕਾ ਵਿੱਚ ਗਏ, ਭਾਵੇਂ ਕਿਤੇ ਹੋਰ ਗਏ ਹਨ, ਉਨ੍ਹਾਂ ਨੇ ਕਾਂਗਰਸ ਦੇ ਬੰਦੇ ਤੋੜੇ ਹਨ। ਇਸ ਕਰਕੇ ਅੱਜ ਗੁਜਰਾਤ ਵਿਚ ਚੋਣਾਂ ਹੋ ਰਹੀਆਂ ਹਨ, ਚੋਣਾਂ ਹੋ ਰਹੀਆਂ ਹਨ ਹਿਮਾਚਲ ਦੇ ਵਿੱਚ। ਅੱਜ ਇਸ ਕਰਕੇ ਲੋਕ ਸੋਚਣ ਲੱਗ ਗਏ ਕਿ ਜੇਕਰ ਅਸੀਂ ਕਾਂਗਰਸ ਨੂੰ ਵੋਟ ਦਿਆਂਗੇ ਤਾਂ ਇਸ ਦਾ ਮਤਲਬ ਹੈ ਕਿ ਅਸੀਂ ਬੀ.ਜੇ.ਪੀ. ਨੂੰ ਜਿਤਾ ਰਹੇ ਹਾਂ। ਉਨ੍ਹਾਂ ਲੋਕਾਂ ਨੇ ਕਾਂਗਰਸ ਨੂੰ ਵੋਟ ਦੇਣਾ ਮਨ੍ਹਾਂ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇ ਜਿੱਤ ਗਏ ਤਾਂ ਇਸ ਦਾ ਮਤਲਬ ਇਹ ਹੈ ਕਿ ਨਾਲ ਦੀ ਨਾਲ ਇਹ ਲੋਕ ਜਾ ਕੇ ਬੀ.ਜੇ.ਪੀ. ਵਿੱਚ ਜਾ ਕੇ ਬੀ.ਜੇ.ਪੀ. ਦੀ ਤਾਕਤ ਬਣਨਗੇ ਨਾ ਕਿ

ਕਾਂਗਰਸ ਦੀ ਤਾਕਤ ਬਣਨਗੇ, ਇਸ ਕਰਕੇ ਲੋਕਾਂ ਨੂੰ ਇਨਕਾਰ ਕੀਤਾ। ਇਹੀ ਗੱਲ ਜਿਹੜੀ ਇਨ੍ਹਾਂ ਨੂੰ ਕਾਂਗਰਸੀਆਂ ਨੂੰ ਹਜ਼ਮ ਨਹੀਂ ਹੋ ਰਹੀ, ਚਾਹੀਦਾ ਤਾਂ ਇਨ੍ਹਾਂ ਨੂੰ ਇਹ ਸੀ ਕਿ ਤੁਸੀਂ ਇਥੇ ਖੜ੍ਹਦੇ, ਤੁਸੀਂ ਗੱਲ ਕਰਦੇ। ਇਸ ਨਾਲ ਸਾਡਾ, ਆਮ ਆਦਮੀ ਪਾਰਟੀ ਦਾ ਕੋਈ ਨੁਕਸਾਨ ਨਹੀਂ ਹੋਇਆ, ਨਾ ਦਿੱਲੀ ਵਿਚ ਸਾਡੇ ਜਾਂਬਾਜ਼ ਐਮ.ਐਲ.ਏਜ਼ ਨੇ ਉਨ੍ਹਾਂ ਦੇ ਪਿੱਛੇ ਲੱਗੇ ਹਾਂ, ਨਾ ਪੰਜਾਬ ਵਿਚ ਅਸੀਂ ਉਨ੍ਹਾਂ ਦੇ ਪਿਛੇ ਲੱਗੇ ਹਾਂ, ਕਿਉਂਕਿ ਅਸੀਂ ਪੰਜਾਬ ਦੀ ਧਰਤੀ ਦੇ ਨਾਲ ਦਗਾ ਨਹੀਂ ਕਰਨਾ ਚਾਹੁੰਦੇ, ਅਸੀਂ ਪੰਜਾਬ ਦੀ ਧਰਤੀ ਦੀ ਮਿੱਟੀ ਦੇ ਨਾਲ ਦਗਾ ਨਹੀਂ ਕਰਨਾ ਚਾਹੁੰਦੇ। ਪਾਰਸ ਨੇ ਕਿਹਾ ਸੀ ਕਿ ਮੈਂਥੋਂ ਆਸ ਨਾ ਕਰਿਉ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ ਜਿਸ ਦੇ ਹੜ੍ਹ ਵਿਚ ਰੁੜ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਗੱਲ ਦਾ, ਸਾਡੇ ਧੀਆਂ ਦਾ ਕੰਜਕ ਹਾਸਾ। ਇਹ ਸਾਡੇ ਪੰਜਾਬੀਆਂ ਦਾ ਵਿਰਸਾ ਹੈ । ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਸਾਡਾ ਕੋਈ ਐਮ.ਐਲ.ਏ.ਇਨ੍ਹਾਂ ਦੇ ਚੰਦ ਪੈਸਿਆਂ ਪਿਛੇ ਵਿਕ ਜਾਵੇਗਾ?

**ਮਾਨਯੋਗ ਡਿਪਟੀ ਸਪੀਕਰ :** ਕਨਕਲੂਡ ਕਰ ਲਵੋ। ਬੋਲਣ ਵਾਲਿਆਂ ਦੀ ਲਿਸਟ ਕਾਫੀ ਲੰਮੀ ਹੈ।

**ਸ਼੍ਰੀ ਬੁੱਧ ਰਾਮ :** ਸਰ, ਮੈਨੂੰ ਬੋਲ ਲੈਣ ਦਿਉ। ਕੋਈ ਗੱਲ ਨਹੀਂ। ਸੋ, ਮੈਂ ਕਨਕਲੂਡ ਕਰਨਾ ਚਾਹੁੰਦਾ ਸੀ ਕਿ ਕਨਕਲੂਡ ਹੋ ਜਾਵੇ ਪਰ ਮੈਂ ਇਹ ਗੱਲ ਇਹ ਕਰਨੀ ਚਾਹੁੰਦਾ ਸੀ ਕਿਉਂਕਿ ਥੋੜ੍ਹਾ ਜਿਹਾ ਮੇਰੇ ਕੋਲ ਜਿਹੜੀ ਵੱਡੀ ਗੱਲ ਦੱਸਣ ਵਾਲੀ ਇਹ ਸੀ ਕਿ ਪਿਛੇ ਜਿਹੇ ਜਦੋਂ ਇਥੇ ਗੱਲ ਚਲੀ ਕਿ ਅਸੀਂ ਵਿਸ਼ਵਾਸ ਮੱਤ ਉਤੇ ਵੋਟਿੰਗ ਕਰਵਾਉਣੀ ਹੈ ਜਾਂ ਅਸੀਂ ਸੈਸ਼ਨ ਬੁਲਾਉਣਾ ਹੈ ਤਾਂ ਜਿਹੜੇ ਬੰਦੇ, ਆਹ ਖਹਿਰਾ ਸਾਹਿਬ ਵਰਗੇ, ਦੂਜੇ ਵਰਗੇ ਕਹਿੰਦੇ ਕਿ ਪੰਜਾਬ ਵੱਲ ਆਓ ਜੀ, ਪੰਜਾਬ ਦੀ ਗੱਲ ਕਰੋ ਜੀ, ਫੈਡਰਲ ਢਾਂਚੇ ਦੀ ਗੱਲ ਕਰੋ ਜੀ, ਇਹ ਦਿੱਲੀ ਦੇ ਨਾਲ ਹਨ, ਫਲਾਣੇ ਦੀ ਗੱਲ ਨਾਲ ਹਨ, ਉਨ੍ਹਾਂ ਨੇ ਸਾਈਨ ਕਰਕੇ ਪੰਜਾਬ ਦੇ ਗਵਰਨਰ ਨੂੰ ਕਿਹਾ ਕਿ ਪੰਜਾਬ ਵਿਚ ਕੋਈ ਸੈਸ਼ਨ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਸਾਡੇ ਪੰਜਾਬ ਦੇ ਲੋਕਾਂ ਦੇ ਹੱਕਾਂ ਉਤੇ ਡਾਕਾ ਮਾਰਿਆ ਗਿਆ। ਅੱਜ ਉਹ ਲੋਕ ਗੱਲਾਂ ਕੀ ਕਰਦੇ ਹਨ, ਇਕ ਪਾਸੇ ਪੰਜਾਬ ਦੇ ਬਾਰੇ ਦੀਆਂ ਗੱਲਾਂ ਕਰਦੇ ਹਨ ਲੇਕਿਨ ਅੱਜ ਇਨ੍ਹਾਂ ਦਾ ਚਿਹਰਾ ਨੰਗਾ ਹੋ ਗਿਆ ਹੈ ਜਿਸ ਕਰਕੇ ਅੱਜ ਇਨ੍ਹਾਂ ਲੋਕਾਂ ਦੇ ਕੋਲੋਂ ਸਵਾਲ ਪੁੱਛਣੇ ਬਣਦੇ ਹਨ: ਤੁਮਾਰੇ ਰਹਤੇ ਹੂਏ ਲੂਟਾ ਇਹ ਕਾਰਵਾ ਇਹ ਕੈਸੇ ਨਾ ਮਾਨੂੰ ਕਿ ਤੇਰਾ ਇਸ਼ਾਰਾ ਨਹੀਂ ਥਾ। ਇਹ ਲੋਕ ਉਨ੍ਹਾਂ ਦੇ ਨਾਲ ਮਿਲੇ ਹੋਏ ਸੀ, ਅੱਜ ਉਨ੍ਹਾਂ ਨੂੰ ਪੰਜਾਬ ਦੀ ਗੱਲ ਕਰਨੀ ਬੁਰੀ ਲੱਗਦੀ ਹੈ। ਸੋ, ਡਿਪਟੀ ਸਪੀਕਰ ਸਾਹਿਬ, ਗੱਲ ਇਹ ਹੈ, ਮੈਂ ਇੱਕ ਥੋੜ੍ਹੀ ਇਕ ਦੋ ਗੱਲਾਂ ਕਰਦਾ ਹਾਂ ਕਿ ਜਿਥੇ ਜਿਥੇ ਵੀ ਪੰਜਾਬ ਵਿੱਚ ਕੋਈ ਗਵਰਨਰ ਹੈ, ਗਵਰਨਰ ਦਾ ਹੱਕ ਬਣਦਾ ਹੈ ਕਿ ਉਹ ਪੰਜਾਬ ਦੀ ਜਾਂ ਕਿਸੇ ਵੀ ਸਟੇਟ ਦੀ ਪ੍ਰਤੀਨਿਧਤਾ ਕੇਂਦਰ ਦੀ ਪ੍ਰਤੀਨਿਧਤਾ ਦੇ ਤੌਰ ਤੇ ਕੰਮ ਕਰੇ, ਏਜੰਟ ਦੇ ਤੌਰ ਤੇ ਕੰਮ ਨਾ ਕਰੇ। ਬਹੁਤ ਵਾਰੀ ਇਹ ਕੇਸ ਆਇਆ ਹੈ, ਮੋਦੀ ਸਾਹਿਬ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਸੀ ਤਾਂ ਉਥੇ ਜਿਹੜੀ ਕਮਲਾ ਬੈਣੀਪਾਲ ਗਵਰਨਰ ਸੀ, ਉਸ ਨਾਲ ਹਰ ਰੋਜ਼ ਲੜਾਈ ਰਹਿੰਦੀ ਸੀ ਔਰ ਕੇਂਦਰ ਨੂੰ

ਸਾਰਿਆਂ ਨਾਲੋਂ ਵੱਧ ਚਿੱਠੀਆਂ ਮੋਦੀ ਸਾਹਿਬ ਨੇ ਲਿਖੀਆਂ ਹਨ ਕਿ ਗਵਰਨਰ ਸਾਡੇ ਨਾਲ ਵਾਰ ਵਾਰ ਦਖਲਅੰਦਾਜ਼ੀ ਕਰ ਰਿਹਾ ਹੈ, ਇਹ ਸੂਬਿਆਂ ਦੇ ਅਧਿਕਾਰਾਂ ਵਿਚ ਦਖਲ ਦੇ ਰਿਹਾ ਹੈ, ਇਹ ਮੋਦੀ ਸਾਹਿਬ ਖੁਦ ਕਹਿੰਦੇ ਹੁੰਦੇ ਸਨ। ਅੱਜ ਉਹੀ ਆਪਣੇ ਗਵਰਨਰ ਦੇ ਜਰੀਏ ਸਾਨੂੰ ਇਕ ਵਾਰੀ ਸੈਸ਼ਨ ਨੂੰ ਰੋਕਿਆ ਜਾ ਰਿਹਾ ਹੈ, ਭਾਵੇਂ ਸਾਡੀ ਤਾਕਤ ਹੈ, ਸਾਡੇ ਕੋਲ ਬਾਬਾ ਸਾਹਿਬ ਦਾ ਸੰਵਿਧਾਨ ਹੈ, ਇਜਾਜ਼ਤ ਤੋਂ ਰੋਕਿਆ ਨਹੀਂ ਜਾ ਸਕਦਾ। ਸਾਰਿਆਂ ਨਾਲੋਂ ਵੱਧ ਜਿਹੜੇ ਸੈਂਟਰ ਵਿੱਚ ਰਿਲੇਸ਼ਨਸਿਪ ਵਾਸਤੇ 1983 ਦੇ ਵਿਚ ਸਰਕਾਰੀਆ ਕਮਿਸ਼ਨ ਬੈਠਾ ਸੀ ਤਾਂ ਉਸ ਨੇ ਰਿਪੋਰਟ ਦਿੱਤੀ ਸੀ ਤਾਂ ਉਸ ਰਿਪੋਰਟ ਵਿਚ ਕੀ ਕਿਹਾ ਕਿ ਗਵਰਨਰ ਜਿਹੜਾ ਹੈ ਉਹ ਕੌਂਸਲ ਆਫ ਮਨਿਸਟਰਜ਼ ਤੋਂ ਬਿਨਾਂ ਫੈਸਲਾ ਨਹੀਂ ਲੈ ਸਕਦਾ, ਉਹ ਕੇਂਦਰ ਦਾ ਏਜੰਟ ਨਹੀਂ ਹੈ, ਸਗੋਂ ਪ੍ਰਤੀਨਿਧ ਹੈ। ਉਹ ਪੁਲ ਦਾ ਕੰਮ ਕਰਦਾ ਹੈ। ਸਰ, ਪਿਛਲੇ ਹਫਤੇ ਹੀ ਕੇਰਲਾ ਦੇ ਵਿੱਚ ਕੇਰਲਾ ਦੇ ਮੁੱਖ ਮੰਤਰੀ ਨੇ ਇਕ ਗਵਰਨਰ ਦੇ ਖਿਲਾਫ ਮਿਸਟਰ ਖਾਨ ਹਨ, ਉਨ੍ਹਾਂ ਦੇ ਖਿਲਾਫ ਪ੍ਰੈਸ ਕਾਨਫਰੰਸ ਕੀਤੀ ਕਿਉਂਕਿ 2020 ਦੇ ਵਿੱਚ ਸੀ.ਐਮ.ਸਾਹਿਬ ਨੇ ਸੈਸ਼ਨ ਬੁਲਾਉਣਾ ਸੀ, ਗਵਰਨਰ ਸਾਹਿਬ ਨੇ ਉਨ੍ਹਾਂ ਨੂੰ ਮਨਾਂ ਕਰ ਦਿੱਤਾ । ਅਖੀਰ ਨੂੰ ਤਿੰਨ ਵਾਰੀ ਕਹਿਣ ਦੇ ਬਾਅਦ ਵੀ ਉਸ ਨੂੰ ਝੁਕਣਾ ਪਿਆ, ਸੈਸ਼ਨ ਬੁਲਾਉਣਾ ਪਿਆ। ਰਾਜਸਥਾਨ ਵਿਚ ਵੀ ਹੁਣੇ ਗਹਿਲੋਤ ਸਾਹਿਬ ਨੇ ਕਾਂਫੀਡੈਂਸ ਮੋਸ਼ਨ ਲਿਆਉਣਾ ਸੀ, ਕਲਰਾਜ ਮਿਸ਼ਰਾ ਗਵਰਨਰ ਸੀ, ਦੋ ਵਾਰੀ ਰਿਜੈਕਟ ਕਰ ਦਿੱਤਾ।

ਬ.ਕ./ਸ਼.ਜ/3.10.22/4.15

ਤੀਜੀ ਵਾਰ ਫੇਰ ਬੁਲਾਉਣ ਵਾਸਤੇ ਕਿਹਾ ਤਾਂ ਕਹਿਣ ਲੱਗੇ ਕਿ ਤੁਸੀਂ ਇਕ ਮਹੀਨੇ ਦਾ ਨੋਟਿਸ ਦਿਓ। ਉਹ ਕਹਿੰਦੇ ਕਿ ਭਾਵੇਂ ਦੋ ਮਹੀਨੇ ਦਾ ਲੈ ਲਓ। ਅਖੀਰ ਤੇ ਸੈਸ਼ਨ ਬੁਲਾਉਣਾ ਪਿਆ। ਸਟੇਟ ਤੇ ਕੇਂਦਰ ਦੇ ਕੀ ਰਿਲੇਸ਼ਨ ਹਨ, ਇਸ ਦੀ ਸਭ ਤੋਂ ਵੱਡੀ ਉਦਾਹਰਣ ਤਾਮਿਲਨਾਡੂ ਸਟੇਟ ਦਾ ਕਿੱਸਾ ਹੈ। ਉਥੇ ਕੀ ਹੋਇਆ ਕਿ ਰਾਜੀਵ ਗਾਂਧੀ ਦੇ ਕਤਲ ਕੇਸ ਵਿੱਚ ਏ.ਜੀ ਬੁਲਾਰੀਵੱਲਭ ਨਾਂ ਦਾ ਸ਼ਖਸ, ਜਿਹੜਾ 30 ਸਾਲ ਜੇਲ੍ਹ ਵਿੱਚ ਰਿਹਾ ਸੀ, ਅਸੈਂਬਲੀ ਨੇ ਉਸ ਨੂੰ ਮੌਤ ਦੀ ਸਜ਼ਾ ਤੋਂ ਰਿਮੀਸ਼ਨ ਦੇ ਦਿੱਤੀ। ਇਹ ਮਸਲਾ ਦੋ ਸਾਲ ਲਟਕਦਾ ਰਿਹਾ। ਜਿਹੜੇ ਸਾਡੇ ਮਾਨਯੋਗ ਗਵਰਨਰ ਬਨਵਾਰੀ ਲਾਲ ਪੁਰੋਹਿਤ ਜੀ ਹਨ, ਇਹ ਉਥੇ ਗਵਰਨਰ ਸਨ। ਜਦੋਂ ਮਸਲਾ ਹੱਲ ਨਹੀਂ ਹੋਇਆ ਤਾਂ ਜਸਟਿਸ ਐਨ. ਨਾਗੇਸ਼ਵਰ ਰਾਓ ਦੀ ਕੋਰਟ ਵਿੱਚ ਕੇਸ ਗਿਆ। ਸੁਪਰੀਮ ਕੋਰਟ ਨੂੰ ਗੁੱਸਾ ਆ ਗਿਆ ਕਿ ਤੁਸੀਂ ਕੀ ਕਰ ਰਹੇ ਹੋ? ਤੁਸੀਂ ਫੈਸਲਾ ਕਰੋਗੇ ਜਾਂ ਅਸੀਂ ਕਰੀਏ? ਅਖੀਰ ਨੂੰ ਫੈਸਲਾ ਕੀਤਾ ਗਿਆ, ਉਹ ਬੰਦਾ ਚੰਗਾ ਸੀ ਜਾਂ ਮਾੜਾ ਸੀ, ਉਸ ਨੂੰ ਛੱਡਣਾ ਪੈ ਗਿਆ। ਮੇਰਾ ਵਾਰ ਵਾਰ ਦੱਸਣ ਦਾ ਮਤਲਬ ਇਹ ਹੈ ਕਿ ਜਿਹੜਾ ਗਵਰਨਰ ਹੈ, ਉਹ ਸੰਵਿਧਾਨ ਮੁਤਾਬਿਕ ਸੈਂਟਰ ਅਤੇ ਸਟੇਟ ਵਿਚਕਾਰ ਪੁਲ ਦਾ ਕੰਮ ਕਰਦਾ ਹੈ ਨਾ ਕਿ ਜਵਾਬ ਦੇਣਾ ਹੈ ਅਤੇ ਕਿਸ ਪ੍ਰਕਾਰ ਸਾਡਾ ਅੱਜ ਦਾ ਸੈਸ਼ਨ ਸਫਲ ਹੋ ਸਕਿਆ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਅਗਲੀ ਗੱਲ ਇਹ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਧਰਤੀ ਹੈ, ਇਹ ਗੁਰੂਆਂ-ਪੀਰਾਂ ਦੀ ਧਰਤੀ ਹੈ।

**ਮਾਨਯੋਗ ਡਿਪਟੀ ਸਪੀਕਰ** : ਕਨਕਲੂਡ ਕਰ ਦਿਓ ਜੀ।

**ਸ਼੍ਰੀ ਬੁੱਧ ਰਾਮ** : ਲਾਸਟ ਗੱਲ ਹੈ ਜੀ। ਮੈਂ ਗੁਰੂ ਸਾਹਿਬ ਦਾ ਸ਼ਬਦ ਪੜ੍ਹ ਕੇ ਕਨਕਲੂਡ ਕਰਦਾ ਹਾਂ। ਜਿਹੜਾ ਸਾਡਾ ਮੈਨੀਫੈਸਟੋ ਹੈ, ਉਹ ਸਾਡੇ ਗੁਰੂਆਂ ਤੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲੈਂਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਮੁਤਾਬਿਕ ਰਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ, ਅਸੀਂ ਉਸ ਮੁਤਾਬਿਕ ਰਾਜ ਚਲਾਉਣਾ ਚਾਹੁੰਦੇ ਹਾਂ। ਗੁਰੂ ਮਹਾਰਾਜ ਨੇ ਬੇਗਮਪੁਰਾ ਦਾ ਸ਼ਬਦ ਉਚਾਰਿਆ ਹੈ। ਇਸ ਸ਼ਬਦ ਬਾਰੇ ਵਿਚਾਰ ਕਰਕੇ ਮੈਂ ਤੁਹਾਡੇ ਤੋਂ ਮਾਫੀ ਚਾਹਾਂਗਾ।

*ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥*
*ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨਾ ਸੇਮ ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨਾ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚਮਾਰਾ॥ਜੋ ਹਮ ਸਹਰੀ ਸੁ ਮੀਤੁ ਹਮਾਰਾ॥*

ਇਹ ਬੇਗਮਪੁਰਾ ਦਾ ਸੰਕਲਪ ਹੈ।(ਥੰਪਿੰਗ) ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਇਹ ਚਾਹੁੰਦੇ ਹਾਂ ਕਿ ਜਿਹੜੀ ਗੁਰੂਆਂ ਦੀ ਵਿਚਾਰਧਾਰਾ ਹੈ, ਗੁਰੂਆਂ ਦੀ ਸੋਚ ਕਿ ਰਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ, ਉਹ ਸਾਡੇ ਗੁਰੂ ਸਾਨੂੰ ਦੱਸ ਰਹੇ ਹਨ। ਮੈਂ ਇਸ ਸ਼ਬਦ ਦਾ ਮਤਲਬ ਸਾਰਿਆਂ ਨੂੰ ਦੱਸਣਾ ਚਾਹੁੰਦਾ ਹਾਂ।

*ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥*

ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਅਜਿਹੇ ਬੇਗਮਪੁਰੇ ਦੀ ਗੱਲ ਕਰਨਾ ਚਾਹੁੰਦਾ ਹਾਂ ਜਿੱਥੇ ਕੋਈ ਦੁਖ ਨਾ ਹੋਵੇ, ਤਕਲੀਫ ਨਾ ਹੋਵੇ, ਦੋਮ ਨਾ ਹੋਵੇ ਭਾਵ ਲਾਲਚ ਨਾ ਹੋਵੇ। ਕਿਸੇ ਮਾਲ ਤੇ ਖਿਰਾਜ ਨਾ ਹੋਵੇ ਭਾਵ ਮਾਲ ਤੇ ਟੈਕਸ ਨਾ ਹੋਵੇ।

*ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥*

ਮੈਨੂੰ ਚੰਗੀ ਤਰ੍ਹਾਂ ਪਤਾ ਲੱਗ ਗਿਆ ਹੈ ਕਿ ਉਹ ਰਾਜ ਕਿਹੋ ਜਿਹਾ ਹੈ। ਉਥੇ ਸਦਾ ਹੀ ਖੈਰ ਰਹਿੰਦੀ ਹੈ।

*ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨਾ ਸੇਮ ਏਕ ਸੋ ਆਹੀ॥*

ਉਥੇ ਦੋਮ ਜਾਂ ਸੇਮ ਵਾਲੀ ਕੋਈ ਗੱਲ ਹੀ ਨਹੀਂ ਹੈ।

*ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥*

ਉਥੋਂ ਦੇ ਰਹਿਣ ਵਾਲੇ ਲੋਕ ਬਹੁਤ ਮਸ਼ਹੂਰ ਹਨ। ਉਥੇ ਰੱਜੇ-ਪੁੱਜੇ ਲੋਕ ਹਨ।

*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨਾ ਕੋ ਅਟਕਾਵੈ॥*

ਜਿੱਥੇ ਮਰਜ਼ੀ ਸੈਰ ਕਰੇ, ਜਿੱਥੇ ਮਰਜ਼ੀ ਤੁਰੇ-ਫਿਰੇ, ਸਾਨੂੰ ਕੋਈ ਅਟਕਾਉਣ ਵਾਲਾ ਨਹੀਂ ਹੈ। ਸੋ, ਸਾਨੂੰ ਅਜਿਹੀ ਵਿਚਾਰਧਾਰਾ ਗੁਰੂ ਸਾਹਿਬ ਨੇ ਦਿੱਤੀ ਹੈ। ਅੱਜ ਉਸ ਵਿਚਾਰਧਾਰਾ ਨੂੰ ਲੋਕਤੰਤਰ ਦਾ ਨਾਮ ਦਿੱਤਾ ਹੈ। ਅਸੀਂ ਉਸ ਵਿਚਾਰਧਾਰਾ ਨੂੰ ਲੈ ਕੇ, ਉਨ੍ਹਾਂ ਪਦਚਿੰਨ੍ਹਾਂ ਤੇ ਚਲਦੇ ਹੋਏ, ਇਹ ਭਗਵੰਤ ਮਾਨ ਦੀ ਸਰਕਾਰ, ਇਹ ਇਮਾਨਦਾਰਾਂ ਦੀ ਸਰਕਾਰ, ਲੋਕਾਂ ਦੀ ਸਿਹਤ ਅਤੇ ਸਿੱਖਿਆ ਨੂੰ ਅੱਗੇ ਵਧਾਉਣਾ ਚਾਹੁੰਦੀ ਹੈ। ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨਾ ਚਾਹੁੰਦੀ ਹੈ। ਭਗਵੰਤ ਮਾਨ ਜੀ ਦਾ ਇੰਨਾ ਵੱਡਾ ਸੰਕਲਪ ਕਿ ਜੇ ਮੈਂ ਲੋਕਾਂ ਦਾ ਇਕ ਰੁਪਿਆ ਵੀ ਖਾ ਲਿਆ ਤਾਂ ਇਸ ਦਾ ਮਤਲਬ ਮੈਂ ਸਲਫਾਸ ਖਾ ਲਿਆ। ਅੱਜ ਕੋਈ ਅਜਿਹਾ ਕਹਿ ਸਕਦਾ ਹੈ।(ਥੰਪਿੰਗ) ਇੱਥੇ ਇੰਨੇ ਪੁਰਾਣੇ ਸੀ.ਐਮ ਬੈਠੇ ਹਨ, ਮੈਂ ਸਾਰਿਆਂ ਦਾ ਨਹੀਂ ਕਹਿੰਦਾ, ਤੁਸੀਂ ਉਨ੍ਹਾਂ ਦਾ ਇਤਿਹਾਸ ਚੁੱਕ ਲਓ ਅਤੇ ਭਗਵੰਤ ਮਾਨ ਜੀ ਦੇ ਕੀਤੇ ਹੋਏ ਛੇ ਮਹੀਨਿਆਂ ਦੇ ਕੰਮ ਦੇਖ ਲਓ। ਪੁਰਾਣੇ ਪ੍ਰਧਾਨ ਮੰਤਰੀਆਂ ਦੇ ਕੰਮ ਚੁੱਕ ਲਓ ਅਤੇ ਮਾਨਯੋਗ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੇ ਕੰਮ ਚੁੱਕ ਲਓ।

**ਮਾਨਯੋਗ ਡਿਪਟੀ ਸਪੀਕਰ** : ਧੰਨਵਾਦ ਜੀ।

**ਸ਼੍ਰੀ ਬੁੱਧ ਰਾਮ:** ਸਤਿੰਦਰ ਜੈਨ ਵਰਗੇ, ਮਨੀਸ਼ ਸਿਸੋਦੀਆ ਵਰਗੇ, ਰਾਘਵ ਚੱਢਾ ਵਰਗੇ, ਜਿਹੜੇ ਲੋਕਾਂ ਦੀ ਗੱਲ ਕਰਨਾ ਚਾਹੁੰਦੇ ਹਨ। ਸੱਚ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ। ਸੱਚ ਨੂੰ ਤੁਸੀਂ ਭਾਵੇਂ ਚੈਲੰਜ ਕਰ ਲਓ ਪਰ ਸੱਚ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ।

**ਮਾਨਯੋਗ ਡਿਪਟੀ ਸਪੀਕਰ** : ਧੰਨਵਾਦ ਜੀ।

**ਸ਼੍ਰੀ ਬੁੱਧ ਰਾਮ** : ਜਿਹੜੀ ਆਮ ਆਦਮੀ ਪਾਰਟੀ ਹੈ, 91 ਵਿਧਾਇਕ ਮੁੱਖ ਮੰਤਰੀ ਸਾਹਿਬ ਦੇ ਵਿਸ਼ਵਾਸ ਮਤੇ ਦੀ ਤਾਈਦ ਕਰਦੇ ਹਨ, ਅਸੀਂ ਉਨ੍ਹਾਂ ਨਾਲ ਖੜ੍ਹੇ ਹਾਂ।

**ਮਾਨਯੋਗ ਡਿਪਟੀ ਸਪੀਕਰ** : ਧੰਨਵਾਦ ਜੀ।

**ਸ਼੍ਰੀ ਬੁੱਧ ਰਾਮ** : ਅਸੀਂ ਲੋਕਾਂ ਦੇ ਦਿੱਤੇ ਹੋਏ ਫਤਵੇ ਨਾਲ ਗੱਦਾਰੀ ਨਹੀਂ ਕਰ ਸਕਦੇ, ਇਹ ਲੋਕ ਭਾਵੇਂ ਜੋ ਮਰਜ਼ੀ ਕਹਿਣ। ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ।

**ਮਾਨਯੋਗ ਡਿਪਟੀ ਸਪੀਕਰ** : ਧੰਨਵਾਦ ਜੀ।

**ਸ਼੍ਰੀ ਬੁੱਧ ਰਾਮ** : ਮੇਰੀ ਇਕ ਮਿੰਟ ਗੱਲ ਸੁਣ ਲਓ ਜੀ। ਸਾਲ 2018 ਵਿੱਚ ਇਹ ਗੱਲ ਫੈਲ ਗਈ ਸੀ ਕਿ ਆਮ ਆਦਮੀ ਪਾਰਟੀ ਤੀਲਾ-ਤੀਲਾ ਹੋ ਗਈ, ਆਮ ਆਦਮੀ ਪਾਰਟੀ ਗਈ। ਕੁਝ ਲੋਕ ਜਿਹੜੇ ਇੱਧਰਲੇ ਪਾਸੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਬੈਠਦੇ ਹਨ, ਇਹ ਕਹਿੰਦੇ ਹੁੰਦੇ ਸੀ। ਪਿੱਛੇ ਜਿਹੇ 18 ਤਰੀਕ ਨੂੰ ਇਕ ਜਨਰਲ ਸੰਮੇਲਨ ਹੋਇਆ ਹੈ, ਜਿੱਥੇ 10 ਮੈਂਬਰ ਪਾਰਲੀਮੈਂਟ ਆਏ ਸੀ। ਇਹ ਕਹਿੰਦੇ ਸੀ ਕਿ ਪਾਰਟੀ ਤੀਲਾ-ਤੀਲਾ ਹੋ ਗਈ ਹੈ। 10 ਮੈਂਬਰ ਪਾਰਲੀਮੈਂਟ ਤੋਂ ਇਲਾਵਾ, 156 ਐਮ.ਐਲ.ਏ, ਮੇਅਰ, ਡਿਪਟੀ ਮੇਅਰ, ਨਗਰ ਕੌਂਸਲਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਪ੍ਰਧਾਨ, ਪੰਚ ਅਤੇ ਸਰਪੰਚ। ਕੁੱਲ 1485 ਪ੍ਰਤੀਨਿਧੀ ਉਥੇ ਸਨ।(ਥੰਪਿੰਗ)

**ਮਾਨਯੋਗ ਡਿਪਟੀ ਸਪੀਕਰ** : ਥੈਂਕ ਯੂ ਜੀ।

**ਸ਼੍ਰੀ ਬੁੱਧ ਰਾਮ** : ਲੋਕਾਂ ਦਾ ਹਿਤ ਕੀ ਹੁੰਦਾ ਹੈ, ਲੋਕਾਂ ਦਾ ਰਾਜ ਕੀ ਹੁੰਦਾ ਹੈ, ਉਨ੍ਹਾਂ ਵਾਸਤੇ ਜਿਹੜਾ ਵਿਸ਼ਵਾਸ ਦਾ ਫਤਵਾ ਦਿੱਤਾ ਹੈ, ਮੈਂ ਸਮਝਦਾ ਹਾਂ ਕਿ ਸਾਰੇ ਹਾਊਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**ਮਾਨਯੋਗ ਡਿਪਟੀ ਸਪੀਕਰ** : ਧੰਨਵਾਦ ਜੀ।

**ਸ਼੍ਰੀ ਬੁੱਧ ਰਾਮ** : ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਹੋਰ ਵੀ ਬਹੁਤ ਕੁਝ ਬੋਲਣਾ ਸੀ ਪਰ ਸਮੇਂ ਦੀ ਘਾਟ ਕਰਕੇ ਹੋਰ ਬੋਲਣਾ ਸੰਭਵ ਨਹੀਂ ਹੋਇਆ। ਧੰਨਵਾਦ ਜੀ।

ਕਕ ਅਗ 3.10.2022 4.20

**ਮਾਨਯੋਗ ਡਿਪਟੀ ਸਪੀਕਰ:** ਮਾਨਯੋਗ ਸਾਰੇ ਐਮ.ਐਲ.ਏ. ਸਾਹਿਬਾਨ, ਸਾਰੇ ਬੁਲਾਰਿਆਂ ਜਿਨ੍ਹਾਂ ਨੇ ਬੋਲਣਾ ਹੈ, ਮੇਰੀ ਉਨ੍ਹਾਂ ਨੂੰ ਪ੍ਰਾਰਥਨਾ ਹੈ ਕਿ ਮੈਂ ਹਰੇਕ ਨੂੰ ਦੋ ਮਿੰਟ ਦਾ ਸਮਾਂ ਹੀ ਦਿਆਂਗਾ, ਮੇਰੀ ਮਜ਼ਬੂਰੀ ਹੈ, ਇਸ ਤੋਂ ਵੱਧ ਕਿਸੇ ਨੂੰ ਵੀ ਜ਼ਿਆਦਾ ਟਾਈਮ ਨਹੀਂ ਮਿਲੇਗਾ। ਹੁਣ ਐਮ.ਐਲ.ਏ. ਸਾਹਿਬ ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ ਜੀ ਨੂੰ ਬੋਲਣਗੇ। ਪਲੀਜ਼, ਟਾਈਮ ਦਾ ਜ਼ਰੂਰ ਖਿਆਲ ਰੱਖਿਆ ਜਾਵੇ, ਮੈਨੂੰ ਕਹਿਣ ਦੀ ਲੋੜ ਨਾ ਪਵੇ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾਪੁਰਾਣਾ) :** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਸੀਂ ਅੱਜ ਵਿਸ਼ਵਾਸ ਪ੍ਰਸਤਾਵ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਕਹਿਣੀ ਬਣਦੀ ਹੈ ਕਿ ਆਪਾਂ ਨੂੰ ਅੱਜ ਇਹ ਪ੍ਰਸਤਾਵ ਲਿਆਉਣਾ ਕਿਉਂ ਪਿਆ। ਪੰਜਾਬ ਨੂੰ ਅਤੇ ਦੇਸ਼ ਨੂੰ ਇਸ ਦੀ ਜ਼ਰੂਰਤ ਕਿਉਂ ਪਈ? ਕਿਉਂਕਿ ਜਿਹੜੀ ਦੇਸ਼ ਦੀ ਵੱਡੀ ਹਕੂਮਤ ਹੈ, ਬੀ.ਜੇ.ਪੀ. ਨੇ ਦੇਸ਼ ਵਿੱਚ ਇੱਕ ਨਵੀਂ ਮੰਡੀ ਤਿਆਰ ਕੀਤੀ। ਜਿਸ ਮੰਡੀ ਵਿੱਚ ਐਮ.ਐਲ.ਏ., ਐਮ.ਪੀ. ਸਾਹਿਬਾਨ,

ਐਕਸ ਸੀ.ਐਮ., ਐਕਸ ਐਮ.ਪੀ., ਪੰਜਾਬ ਵਾਲੀ ਕੈਬਨਿਟ, ਇਨ੍ਹਾਂ ਸਾਰਿਆਂ ਦੀ ਬੋਲੀ ਲੱਗਣ ਲੱਗੀ ਤਾਂ ਸਾਨੂੰ ਇਸ ਓਪਰੇਸ਼ਨ ਲੋਟਸ ਨੂੰ ਬੇਨਕਾਬ ਕਰਨ ਲਈ ਇਹ ਵਿਸ਼ਵਾਸ ਦਾ ਪ੍ਰਸਤਾਵ ਇੱਥੇ ਲੈ ਕੇ ਆਉਂਣਾ ਪਿਆ। ਕਿਉਂਕਿ ਸਾਡੇ ਦੇਸ਼ ਵਿੱਚ ਲੋਕਤੰਤਰੀ ਪ੍ਰਣਾਲੀ ਹੈ। ਲੋਕ ਆਪਣੇ ਨੁਮਾਇੰਦੇ ਚੁਣ ਕੇ ਭੇਜਦੇ ਹਨ ਪਰ ਜਦੋਂ ਦੇਸ਼ ਦੀ ਹਕੂਮਤ ਇਨ੍ਹਾਂ ਨੂੰ ਪੈਸੇ ਦੇ ਜ਼ੋਰ ਤੇ ਖਰੀਦਣ ਲਗਦੀ ਹੈ ਤਾਂ ਉਦੋਂ ਫਿਰ ਇਹੋ ਜਿਹੇ ਓਪਰੇਸ਼ਨਾਂ ਨੂੰ ਬੇਨਕਾਬ ਕਰਨਾ ਇੱਕ ਚੰਗੀ ਸਰਕਾਰ ਦੀ, ਚੰਗੇ ਲੋਕਾਂ ਦੀ ਲੋੜ ਵੀ ਹੁੰਦੀ ਹੈ ਅਤੇ ਸਾਡਾ ਫਰਜ਼ ਵੀ ਬਣਦਾ ਹੈ। ਸਾਹਮਣੇ ਵਾਲੇ ਕਾਂਗਰਸੀਆਂ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ, ਜਦੋਂ ਇਹ ਪ੍ਰਸਤਾਵ ਆਇਆ, ਇਨ੍ਹਾਂ ਦਾ ਹੱਕ ਤਾਂ ਇਹ ਬਣਦਾ ਸੀ ਕਿ ਇਹ ਸਾਡੇ ਹੱਕ ਵਿੱਚ ਖੜ੍ਹਦੇ ਕਿਉਂਕਿ ਜੇ ਸਭ ਤੋਂ ਵੱਧ ਲੀਡਰ ਵਿਕੇ ਹਨ, ਸਭ ਤੋਂ ਵੱਧ ਐਮ.ਐਲ.ਏ. ਤੇ ਐਮ.ਪੀ. ਵਿਕੇ ਹਨ, ਤਾਂ ਉਹ ਇਨ੍ਹਾਂ ਦੇ ਹੀ ਵਿਕੇ ਹਨ। ਜਿਸ ਕਰਕੇ ਇਨ੍ਹਾਂ ਨੂੰ ਤਾਂ ਆਪਣੇ ਨਾਲ ਖੜ੍ਹਨਾ ਚਾਹੀਦਾ ਸੀ ਪਰ ਬੜੀ ਹੈਰਾਨੀ ਹੋ ਗਈ ਇਹ ਦੇਖ ਕੇ ਕਿ ਇਹ ਬੀ.ਜੇ.ਪੀ. ਦੇ ਨਾਲ ਰਲ਼ ਕੇ , ਬੀ.ਜੇ.ਪੀ. ਦੇ ਵੱਲ ਹੋ ਕੇ ਇਹ ਸਾਰੇ ਜੋ ਅਸੀਂ ਪ੍ਰਸਤਾਵ ਲੈ ਕੇ ਆਏ ਸੀ, ਉਸ ਦਾ ਹੀ ਵਿਰੋਧ ਕਰਨ ਲੱਗ ਪਏ। ਸਰ, ਦੋਵਾਂ ਲੋਕਾਂ ਵਿੱਚ ਫਰਕ ਬੜਾ ਹੈ, ਜਿਹੜੀਆਂ ਸਰਕਾਰਾਂ ਹੁੰਦੀਆਂ ਹਨ, ਉਹ ਸੇਵਾਵਾਂ, ਦੁਆਵਾਂ ਅਤੇ ਵਫਾਵਾਂ ਦੇ ਨਾਲ ਬਣਦੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੇਵਾਵਾਂ, ਦੁਆਵਾਂ ਤੇ ਵਫਾਵਾਂ ਕਾਂਗਰਸ ਪਾਰਟੀ ਕੋਲ ਨਹੀਂ ਰਹੀਆਂ। ਨਾ ਤਾਂ ਇਨ੍ਹਾਂ ਦੀਆਂ ਸੇਵਾਵਾਂ ਰਹੀਆਂ ਹਨ, ਨਾ ਇਨ੍ਹਾਂ ਨੂੰ ਦੁਆਵਾਂ ਦੇਣ ਵਾਲੇ ਲੋਕ ਰਹੇ ਹਨ ਅਤੇ ਨਾ ਹੀ ਇਨ੍ਹਾਂ ਨਾਲ ਵਫਾਦਾਰ ਲੋਕ ਰਹੇ ਹਨ। ਸਾਡੀ ਆਮ ਆਦਮੀ ਪਾਰਟੀ ਦੇ ਨਾਲ ਲੋਕਾਂ ਦੀਆਂ ਦੁਆਵਾਂ ਵੀ ਹਨ, ਅਸੀਂ ਸੇਵਾਵਾਂ ਵੀ ਦਿੰਦੇ ਹਾਂ ਅਤੇ ਸਾਡੇ ਲੋਕ ਵਫਾਦਾਰ ਵੀ ਹਨ। ਜਿਹੜੇ ਲੋਕ ਪੈਸੇ ਦੇ ਦਮ ਤੇ ਨਹੀਂ ਸਗੋਂ ਲੋਕਾਂ ਦੀਆਂ ਅਸੀਸਾਂ ਦੇ ਦਮ ਤੇ ਬਣਦੇ ਹਨ, ਜਿਹੜੇ ਲੋਕਾਂ ਦੀਆਂ ਅਸੀਸਾਂ ਦੇ ਦਮ ਤੇ ਜਿੱਤ ਕੇ ਆਉਂਦੇ ਹਨ, ਉਹ ਕਦੇ ਵੀ ਵਿਕਾਊ ਨਹੀਂ ਹੋ ਸਕਦੇ, ਉਹ ਕਦੇ ਵਿਕਦੇ ਨਹੀਂ। ਸਰ, ਮੈਨੂੰ ਸਮਾਂ ਥੋੜ੍ਹਾ ਮਿਲਿਆ ਹੈ। ਮੈਂ ਅਖੀਰ ਵਿੱਚ ਹਿੰਦੀ ਦੀਆਂ ਲਾਈਨਾਂ ਬੋਲਣੀਆਂ ਚਾਹੁੰਦਾ ਹਾਂ। ਇਹ ਲਾਈਨਾਂ ਸਭ ਕੁਝ ਕਲੀਅਰ ਕਰ ਦਿੰਦੀਆਂ ਹਨ:

जब से सुना है मरने में ज़िंदगी है,
कफ़न को साथ लेकर घूमते है

(Thumping by Treasury Benches)

ਜਦੋਂ ਅਸੀਂ ਰਾਜਨੀਤੀ ਵਿੱਚ ਪੈਰ ਧਰਿਆ ਸੀ, ਜਦੋਂ ਅਸੀਂ ਆਮ ਆਦਮੀ ਪਾਰਟੀ ਵਿੱਚ ਧਰਿਆ ਸੀ, ਤਾਂ ਇਹ ਚੀਜ਼ਾਂ ਲੜ ਬੰਨ ਲਈਆਂ ਸੀ, ਇਸ ਲਈ ਅਖੀਰਲੀ ਗੱਲ ਹੈ ਕਿ ਅਸੀਂ ਜਿੱਥੇ ਵੀ ਖੜ੍ਹੇ ਹਾਂ ਪਹਿਲਾਂ ਹੀ ਸੋਚ ਸਮਝ ਕੇ ਆਏ ਹਾਂ। ਅਸੀਂ ਇੱਥੇ ਇਮਾਨਦਾਰੀ ਨਾਲ ਰਾਜਨੀਤੀ ਕਰਾਂਗੇ। ਲੋਕਾਂ ਦੀਆਂ ਅਸੀਸਾਂ ਲੈਂਦੇ ਰਹਾਂਗੇ।

*4.22 ਵਜੇ ਬਾਅਦ ਦੁਪਹਿਰ) (ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਨਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਗੁਰਦੇਵ ਸਿੰਘ ਦੇਵ ਮਾਨ ਜੀ। ਦੇਵ ਮਾਨ ਜੀ, ਮੈਨੂੰ ਪਤਾ ਹੈ ਕਿ ਤੁਹਾਨੂੰ ਦੋ ਮਿੰਟ ਦਾ ਮਤਲਬ ਪਤਾ ਹੈ। ਤੁਸੀਂ ਇੰਨੇ ਸਮੇਂ ਵਿੱਚ ਕੋਈ ਗਾਣਾ ਵੀ ਗਾ ਸਕਦੇ ਹੋ ਪਰ ਇੱਥੇ ਹੁਣ ਪੰਜਾਬ ਦੀ ਗੱਲ ਕਰਨੀ ਹੈ।

**ਸਰਦਾਰ ਗੁਰਦੇਵ ਸਿੰਘ ਦੇਵ ਮਾਨ (ਨਾਭਾ):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ। ਅੱਜ ਮੈਨੂੰ ਪਾਤਰ ਸਾਹਿਬ ਦੀਆਂ ਲਾਈਨਾਂ ਯਾਦ ਆ ਰਹੀਆਂ ਹਨ:

**ਕੁਝ ਕਿਹਾ ਤਾਂ ਅੰਧੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ?**

ਹਨੇਰਾ ਜਿਹੜਾ ਸਾਨੂੰ ਬਰਦਾਸ਼ਤ ਨਹੀਂ ਕਰ ਰਿਹਾ ਪਰ ਅਸੀਂ ਰੁਸ਼ਨਾਏ ਹੋਏ ਹਾਂ, ਮੈਂ ਇੱਕ ਮਜ਼ਦੂਰ ਦਾ ਪੁੱਤ ਹਾਂ। ਜਿਹੜਾ ਅੱਜ ਇੱਥੇ ਵਿਸ਼ਵਾਸ ਮੱਤ ਬਾਰੇ ਮਤਾ ਲਿਆਂਦਾ ਗਿਆ ਹੈ, ਮੈਂ ਇਸ ਵਿੱਚ ਵਿਸ਼ਵਾਸ ਪ੍ਰਗਟ ਕਰਦਾ ਹਾਂ ਔਰ ਮੈਂ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕ, ਇਹ ਜਰਖੇਜ਼ ਮਿੱਟੀ, ਮਾਰਸ਼ਲ ਕੌਮ, ਗੁਰੂਆਂ ਪੀਰਾਂ ਦੀ ਇਹ ਪਵਿੱਤਰ ਧਰਤੀ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਅਸੀਂ ਵਾਰਿਸ ਹਾਂ। ਦੁਨੀਆਂ ਦੇ ਵਿੱਚ ਕੋਈ ਤਾਕਤ ਪੈਦਾ ਨਹੀਂ ਜਿਹੜੀ ਕਿ ਆਮ ਆਦਮੀ ਪਾਰਟੀ, ਸਾਡੇ ਵਰਗੇ ਆਮ ਘਰਾਂ ਦੇ ਪੁੱਤਾਂ ਨੂੰ ਖਰੀਦ ਸਕੇ। (ਥੰਪਿੰਗ) ਸਪੀਕਰ ਸਾਹਿਬ, ਮਿਸ਼ਨ ਲੋਟਸ ਜਿਹੜਾ ਇਹ ਕਰਨਾ ਚਾਹੁੰਦੇ ਹਨ, ਇਨ੍ਹਾਂ ਨੇ ਅਲੱਗ-ਅਲੱਗ ਸਟੇਟਾਂ ਵਿੱਚ ਕਾਮਯਾਬ ਕੀਤਾ ਹੈ। ਪਰ ਦਿੱਲੀ ਅਤੇ ਪੰਜਾਬ ਵਿੱਚ ਕਿਉਂ ਕਾਮਯਾਬ ਨਹੀਂ ਹੋਏ ਕਿਉਂਕਿ ਦਿੱਲੀ ਵਿੱਚ ਵਿੱਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਪੰਜਾਬ ਵਿੱਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ।

03.10.2022/4.25/ਹਰਪ੍ਰੀਤ ਸਿੰਘ/ਅਭਿਸ਼ੇਕ ਗੌਤਮ

ਮੇਰੇ ਵਰਗੇ ਬੰਦੇ ਜਿਹੜੇ ਇਸ ਮੁਲਕ ਵਿਚੋਂ ਬਾਹਰਲੇ ਮੁਲਕਾਂ ਵਿਚ ਗਏ, ਐਕਟਿੰਗ ਕੀਤੀ, ਸਿੰਗਿੰਗ ਕੀਤੀ ਪਰ ਮੈਂ ਆਪਣੀ ਮਿੱਟੀ ਨੂੰ ਮੁਹੱਬਤ ਕਰਦਾ ਹਾਂ, ਮੈਂ ਆਪਣੇ ਪੰਜਾਬ ਲਈ ਖੂਨ ਦਾ ਇਕ ਇਕ ਕਤਰਾ ਵਹਾ ਸਕਦਾ ਹਾਂ ਪਰ ਮੈਂ ਕਦੇ ਵੀ ਪੰਜਾਬ ਦੇ ਨਾਲ ਧੋਖਾ ਨਹੀਂ ਕਰ ਸਕਦਾ। ਮੈਂ ਇਹ ਗੱਲ ਦੱਸਣਾ ਚਾਹੁੰਦਾ ਹਾਂ ਮਿਸ਼ਨ ਲੋਟਸ ਵਾਲਿਆਂ ਨੂੰ ਕਿ ਅਸੀਂ ਵਿਕਾਊ ਨਹੀਂ ਹਾਂ। ਮੇਰੇ ਬਾਪ ਨੇ ਸਾਈਕਲਾਂ ਨੂੰ ਪੈਂਚਰ ਲਗਾ ਕੇ ਮੈਨੂੰ ਪਾਲਿਆ ਹੈ। ਸਾਡੇ ਅੰਦਰ ਇਮਾਨਦਾਰੀ ਕੁੱਟ ਕੁੱਟ ਕੇ ਭਰੀ ਪਈ ਹੈ। ਸਾਨੂੰ ਇਹ ਖਰੀਦਣਗੇ? ਇਨ੍ਹਾਂ ਦੀ ਐਨੀ ਜ਼ੁਅਰਤ ਨਹੀਂ ਹੈ। ਪੰਜਾਬ ਦੇ ਵਿਚ ਜੋ ਵੀ ਇਨ੍ਹਾਂ ਨੇ ਕੀਤਾ, ਸਾਡੇ ਵੱਖ-ਵੱਖ ਮੈਂਬਰ ਸਾਹਿਬਾਨ ਨੂੰ ਟਾਰਗੈਟ ਕੀਤਾ। ਇਹ ਬੜਾ ਮੰਦਭਾਗਾ ਹੈ। ਮੈਂ ਮਿਸ਼ਨ ਲੋਟਸ ਵਾਲਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਜੀ ਸਰਦਾਰ ਭਗਵੰਤ ਮਾਨ ਅਤੇ ਸਾਡੇ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਨਾਮ ਇਤਿਹਾਸ ਦੇ ਸੁਨਿਹਰੀ ਅੱਖਰਾਂ ਵਿਚ ਲਿਖਿਆ ਜਾਵੇਗਾ ਕਿ ਆਮ ਆਦਮੀ

ਪਾਰਟੀ ਦੀ ਸਰਕਾਰ ਬਣੀ ਅਤੇ ਜਿਸ ਨੇ ਐਨਾ ਵੱਡਾ ਪਰਿਵਰਤਨ ਲਿਆਂਦਾ ਕਿ ਅੱਜ ਪੂਰੇ ਦੇਸ਼ ਵਿਚ ਸਾਡੀ ਚਰਚਾ ਹੈ। (ਥੰਪਿੰਗ)

**ਮਾਨਯੋਗ ਸਪੀਕਰ:**ਕਨਕਲੂਡ ਕਰੋ ਜੀ।

**ਸਰਦਾਰ ਗੁਰਦੇਵ ਸਿੰਘ ਦੇਵ ਮਾਨ:** ਸਪੀਕਰ ਸਾਹਿਬ, ਤੁਸੀਂ ਕਨਕਲੂਡ ਕਰਨ ਨੂੰ ਕਹਿ ਰਹੇ ਹੋ। ਮੈਂ ਦੋ-ਤਿੰਨ ਲਾਈਨਾਂ ਲਿਖੀਆਂ ਸੀ। ਇਹ ਮੈਂ ਲਿਖੀਆਂ ਤਾਂ ਕਿਸੇ ਹੋਰ ਲਹਿਜ਼ੇ ਵਿਚ ਸੀ ਪਰ ਅੱਜ ਇਹ ਲਾਈਨਾਂ ਕਾਂਗਰਸ ਤੇ ਢੁਕਦੀਆਂ ਹਨ:

ਕਾਂਗਰਸੀਆਂ ਦੇ ਮੱਥੇ ਦੀ ਲਕੀਰ ਮਾੜੀ ਹੋ ਗਈ
ਸ਼ੁਰੂਆਤ ਚੰਗੀ ਸੀ ਅਖੀਰ ਮਾੜੀ ਹੋ ਗਈ।

ਇਨ੍ਹਾਂ ਦਾ ਇਹੀ ਹਾਲ ਹੋਣਾ ਹੈ ਜੀ। ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਮਾਨਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਅਜੀਤਪਾਲ ਸਿੰਘ ਕੋਹਲੀ ਜੀ, ਦੋ ਮਿੰਟ।

**Sardar Ajitpal Singh Kohli (Patiala):** Respected Speaker Sir, Thankyou very much for giving me this opportunity to Speak upon the travesty that plagues the Punjab's polity of today. ਸਪੀਕਰ ਸਾਹਿਬ, ਜਿੱਥੇ ਅੱਜ ਪੂਰੇ ਪੰਜਾਬ ਵਿਚ ਅਪਰੇਸ਼ਨ ਲੋਟਸ ਦੀ ਚਰਚਾ ਚੱਲ ਰਹੀ ਹੈ, ਲੋਕਾਂ ਵਿਚ ਜਿੱਥੇ ਇਸ ਗੱਲ ਦੀ ਨਿਰਾਸ਼ਾ ਹੈ, ਅਰਾਜਕਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਥੇ ਹੀ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਪੰਜਾਬ ਦੇ ਆਵਾਮ ਦੀਆਂ ਖਾਹਿਸ਼ਾਂ, ਉਮੀਦਾਂ ਤੇ ਭਰੋਸੇ ਤੇ ਪਹਿਰਾ ਦਿੰਦੇ ਹੋਏ ਅੱਜ ਵਿਧਾਨ ਸਭਾ ਦੇ ਸੈਸ਼ਨ ਵਿੱਚ ਕਾਨਫੀਡੈਂਸ ਮੋਸ਼ਨ ਲਿਆਂਦਾ ਹੈ।

ਸਪੀਕਰ ਸਾਹਿਬ, ਅਪਰੇਸ਼ਨ ਲੋਟਸ ਹੈ ਕੀ ? ਇਸ ਦਾ ਜੈਨਸਿਸ ਕਿੱਥੇ ਹੈ ? ਇਹ ਸਮਝਣਾ ਬਹੁਤ ਜ਼ਰੂਰੀ ਹੈ। ਬੀ.ਜੇ.ਪੀ ਦੀ ਕੇਂਦਰ ਸਰਕਾਰ ਨੇ ਜਿਸ ਨੇ 15-15 ਲੱਖ ਹਰ ਹਿੰਦੁਸਤਾਨੀ ਦੇ ਖਾਤੇ ਵਿੱਚ ਪਾਉਣਾ ਸੀ, ਬੀ.ਜੇ.ਪੀ. ਸਰਕਾਰ ਨੇ ਜਿਸ ਨੇ ਮਹਿੰਗਾਈ ਖਤਮ ਕਰਨੀ ਸੀ, ਬੀ.ਜੇ.ਪੀ. ਸਰਕਾਰ ਨੇ ਜਿਸ ਨੇ ਕਰੋੜਾਂ ਨੌਜਵਾਨਾਂ ਨੂੰ ਨੌਕਰੀਆਂ ਦੇਣੀਆਂ ਸਨ, ਉਸ ਬੀ.ਜੇ.ਪੀ. ਨੇ ਪਹਿਲਾਂ ਅਰੁਨਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਦਿੱਲੀ ਅਤੇ ਫਿਰ ਪੰਜਾਬ ਵਿੱਚ ਬੁਰੀ ਤਰ੍ਹਾਂ ਸਿਆਸੀ ਸ਼ਿਕਸਤ ਖਾਈ। ਉਨ੍ਹਾਂ ਦੇ ਪੈਰਾਂ ਥੱਲਿਓਂ ਸਿਆਸੀ ਜ਼ਮੀਨ ਖਿਸਕਦੀ ਸੀ। ਇਨ੍ਹਾਂ ਦੇ ਹਾਲਾਤ ਕੁਝ ਇਸ ਤਰ੍ਹਾਂ ਬਿਆਨ ਕਰਾਂਗਾ

ਤੇਰੇ ਪਾਉਂ ਕੇ ਤਲੇ ਜ਼ਮੀਨ ਨਹੀਂ ਹੈ

ਪਰ ਅਫਸੋਸ ਇਸਕਾ ਕਿ ਤੁਝੇ ਅਭੀ ਭੀ ਯਕੀਨ ਨਹੀਂ ਹੈ ।(ਥੰਪਿੰਗ)

ਸਪੀਕਰ ਸਾਹਿਬ, ਬੀ.ਜੇ.ਪੀ. ਦੀ ਕੇਂਦਰ ਸਰਕਾਰ ਨੇ ਇਨ੍ਹਾਂ ਸੂਬਿਆਂ ਵਿੱਚ ਪੈਸੇ ਦੇ ਜ਼ੋਰ ਤੇ, ਈ.ਡੀ. ਦੇ ਜ਼ੋਰ ਤੇ, ਸੀ.ਬੀ.ਆਈ. ਦੇ ਜ਼ੋਰ ਤੇ ਲੋਕਾਂ ਵੱਲੋਂ ਚੁਣੀ ਸਰਕਾਰ ਨੂੰ ਗਿਰਾ ਕੇ ਲੋਕਤੰਤਰ ਦੇ ਉਲਟਾ ਆਪਣਾ ਰਾਜ ਸਥਾਪਿਤ ਕੀਤਾ ਹੈ। ਇਨ੍ਹਾਂ ਸਟੇਟਾਂ ਦੇ ਐਮ.ਐਲ.ਏਜ਼ ਖਰੀਦ ਲਏ, ਐਮ.ਐਲ.ਏ. ਡਰਾ ਦਿੱਤੇ ਗਏ, ਐਮ.ਐਲ.ਏਜ਼ ਮਜਬੂਰ ਕਰ ਦਿੱਤੇ ਗਏ।

ਸਪੀਕਰ ਸਾਹਿਬ, ਕੇਂਦਰ ਦੀ ਸਰਕਾਰ ਦੀ ਲੀਡਰਸ਼ਿਪ ਨੇ ਤਾਂ ਡੈਮੋਕਰੇਸੀ ਦੀ ਪਰਿਭਾਸ਼ਾ ਹੀ ਬਦਲ ਕੇ ਰੱਖ ਦਿੱਤੀ ਹੈ । ਇਬਰਾਹਿਮ ਲਿੰਕਨ ਨੇ ਬਹੁਤ ਖੂਬਸੂਰਤੀ ਨਾਲ ਡੈਮੋਕਰੇਸੀ ਨੂੰ ਬਿਆਨ ਕੀਤਾ ਸੀ : Government of the People, for the people, by the People ਪਰ ਸਾਡੀ ਬੀ.ਜੇ.ਪੀ ਸਰਕਾਰ ਨੇ By the People ਨੂੰ ਬਦਲ ਕੇ Buy the People ਕਰ ਦਿੱਤਾ ਹੈ ਜਿਸ ਦਾ ਮਤਲਬ ਹੈ ਕਿ ਐਮ.ਐਲ.ਏ. ਹੀ ਖਰੀਦ ਲਓ ਤੇ ਆਪਣੀ ਸਰਕਾਰ ਬਣਾਓ ।

ਅ.ਕ/ਰ.ਕ/4.30/3.10.2022

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਅਜੀਤਪਾਲ ਸਿੰਘ ਕੋਹਲੀ :** ਸਪੀਕਰ ਸਾਹਿਬ, ਪੰਜਾਬ ਦੀ ਗੱਲ ਕਰੀਏ । ਬੀ.ਜੇ.ਪੀ ਦੀ ਸਰਕਾਰ ਹਮੇਸ਼ਾ ਹੀ ਪੰਜਾਬ ਵਿਰੋਧੀ ਰਹੀ ਹੈ। ਪੰਜਾਬ ਨੇ ਇਨ੍ਹਾਂ ਨੂੰ ਕਿਸਾਨੀ ਮੋਰਚੇ ਦੇ ਰਾਹੀਂ ਮੂੰਹ ਤੇ ਚਪੇੜ ਮਾਰੀ। ਫਿਰ ਉਸ ਤੋਂ ਬਾਅਦ ਚਾਹੇ ਗੱਲ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਦਾ ਹੋਵੇ, ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਦੀ ਗੱਲ ਹੋਵੇ, ਬੀ.ਬੀ.ਐਮ.ਬੀ. ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖਤਮ ਕਰਨ ਦੀ ਗੱਲ ਹੋਵੇ (ਘੰਟੀ) ਪਰ ਲੋਕਤੰਤਰ ਦੀ ਰਖਵਾਲੀ ਸਰਕਾਰ ਅੱਜ ਲੋਕਤੰਤਰ ਦੀ ਕਾਤਲ ਬਣ ਗਈ ਹੈ। ਇਹ ਕੇਂਦਰ ਸਰਕਾਰ ਆਪਣੀ ਦਿੱਖ ਤਾਂ ਸੰਤਾਂ ਵਾਲੀ ਰੱਖਦੀ ਹੈ ਪਰ ਇਨ੍ਹਾਂ ਦੀਆਂ ਚਾਲ੍ਹਾਂ, ਹਰਕਤਾਂ ਸਾਰੀਆਂ ਨਟਵਰ ਲਾਲ ਵਰਗੀਆਂ ਹਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਦ੍ਰਿਸ਼ਟਾਂਤ ਹੈ ਜੋ ਇਨ੍ਹਾਂ ਤੇ ਬਹੁਤ ਸਹੀ ਤਰ੍ਹਾਂ ਨਾਲ ਢੁੱਕਦਾ ਹੈ ।

ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥

ਇਹ ਪਹਿਲਾ ਮੰਜਰ ਦੇਖਿਆ ਹੈ, ਜਿੱਥੇ ਹਸਪਤਾਲ ਵਿੱਚ ਇੱਕ ਮਰੀਜ਼ ਦਾ ਅਪਰੇਸ਼ਨ ਹੋ ਰਿਹਾ ਹੋਵੇ ਤੇ ਦਰਦ ਦੂਜੇ ਮਰੀਜ਼ ਨੂੰ ਹੁੰਦਾ ਹੋਵੇ । ਸਾਨੂੰ ਇਹ ਸਮਝ ਨਹੀਂ ਆ ਰਹੀ ਕਿ ਅਸੀਂ ਗੱਲ ਬੀ.ਜੇ.ਪੀ. ਦੀ ਕਰ ਰਹੇ ਹਾਂ, ਰੌਲਾ ਕਾਂਗਰਸ ਪਾਰਟੀ ਪਾ ਰਹੀ ਹੈ ।

ਸੋ ਸਪੀਕਰ ਸਾਹਿਬ, ਮੈਂ ਇਸ ਕਾਨਫੀਡੈਂਸ ਮੋਸ਼ਨ ਦੇ ਹੱਕ ਵਿੱਚ ਆਪਣੀ ਵੋਟ ਪਾਉਂਦਾ ਹੈ ਤੇ ਬਹੁਤਾ ਸਮਾਂ ਲੈਂਦਾ ਹੈ ਤੇ ਲੋਕ ਕਵੀ ਸੰਤ ਰਾਮ ਉਦਾਸੀ ਦੀਆਂ ਸਤਰਾਂ ਨੂੰ ਕਹਿੰਦੇ ਹੋਏ ਆਪਣੀ ਸਪੀਚ ਖਤਮ ਕਰਦਾ ਹਾਂ :

ਐਵੇਂ ਭਰਮ ਹੈ ਸਾਡੇ ਕਾਤਲਾਂ ਨੂੰ ਅਸੀਂ ਹੋਵਾਂਗਾ ਦੋ ਚਾਰ ਲੋਕੋ
ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ ਐਡੀ ਲੰਬੀ ਹੈ ਸਾਡੀ ਕਤਾਰ ਲੋਕੋ ।

ਧੰਨਵਾਦ ।

**ਸਰਦਾਰ ਅਮੋਲਕ ਸਿੰਘ (ਜੈਤੋਂ) (ਐਸ.ਸੀ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਜਿਵੇਂ ਕਿ ਲੋਟਸ ਆਪਰੇਸ਼ਨ ਦੀ ਗੱਲ ਹਰ ਪਾਸੇ ਹੋ ਰਹੀ ਹੈ, ਮੈਂ ਤੁਹਾਡੇ ਜ਼ਰੀਏ ਸਾਰਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬੀ.ਜੇ.ਪੀ ਦਾ ਹੱਥਕੰਡਾ ਕੀ ਹੈ? ਪਹਿਲਾਂ ਤਾਂ ਉਹ ਕਰੋੜਾ ਰੁਪਿਆ ਦਿੰਦੇ ਹਨ, ਜੇ ਇਸ ਤਰ੍ਹਾਂ ਗੱਲ ਨਹੀਂ ਬਣਦੀ ਤਾਂ ਈ.ਡੀ./ਵਿਜੀਲੈਂਸ ਦੀ ਰੇਡ ਪੈਂਦੀ ਹੈ। ਮੈਂ ਤੁਹਾਡੇ ਇਸ ਮਾਧਿਅਮ ਰਾਹੀਂ ਬੀ.ਜੇ.ਪੀ ਵਾਲਿਆਂ ਨੂੰ ਲਲਕਾਰ ਕੇ ਕਹਿੰਦਾ ਹਾਂ ਕਿ ਜੇ ਤੁਹਾਡੇ ਵਿੱਚ ਹਿੰਮਤ ਹੈ ਤਾਂ ਇਹ 92 ਜਣਿਆਂ ਦੀ ਹਿੰਮਤ ਅਤੇ ਲਗਨ ਤੋੜ ਕੇ ਵਿਖਾਉਣ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਮੈਂ ਤੁਹਾਡੇ ਜ਼ਰੀਏ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਅਰਵਿੰਦ ਕੇਜਰੀਵਾਲ ਅਤੇ ਸਰਦਾਰ ਭਗਵੰਤ ਮਾਨ ਜੀ ਦੇ ਸਿਪਾਹੀ ਹਾਂ। ਬੋਲੀ ਉਨ੍ਹਾਂ ਦੀ ਹੀ ਲੱਗਦੀ ਹੈ ਜਿਹੜੇ ਮੰਡੀ ਵਿੱਚ ਹੁੰਦੇ ਹਨ। ਜਿਹੜੇ ਮੰਡੀ ਵਿੱਚ ਨਹੀਂ ਹੁੰਦੇ ਉਨ੍ਹਾਂ ਦੀ ਬੋਲੀ ਨਹੀਂ ਲੱਗਦੀ ਹੈ। ਅਸੀਂ ਆਮ ਘਰਾਂ ਦੇ ਧੀ-ਪੁੱਤ ਹਾਂ। ਅਸੀਂ ਪੈਸੇ ਦੇ ਕੇ ਵੋਟਾ ਲੈ ਕੇ ਖਰੀਦ ਕੇ ਇੱਥੇ ਨਹੀਂ ਆਏ ਹਾਂ। ਅਸੀਂ ਲੋਕਾਂ ਦੇ ਪਿਆਰ ਨਾਲ ਅਤੇ ਆਪਣੇ ਕਰਮਾਂ ਨਾਲ ਇੱਥੇ ਆਏ ਹਾਂ। ਸ਼ੇਅਰ-ਔ-ਸ਼ਾਇਰੀ ਦਾ ਮਾਹੌਲ ਹੈ, ਮੈਂ ਆਪਣੀ ਇੱਕ ਗੱਲ ਕਹਿ ਕੇ ਬਹਿ ਜਾਵਾਂਗਾ। ਸਾਰਿਆਂ ਨੇ ਸੁਣਾਇਆ ਤਾਂ ਮੈਂ ਵੀ ਇੱਕ ਸੁਣਾ ਦਿਆਂ। ਜਿਵੇਂ ਬੀ.ਜੇ.ਪੀ ਵਾਲੇ ਸਾਨੂੰ ਖਰੀਦਣਾ ਚਾਹੁੰਦੇ ਹਨ ਤਾਂ ਉਸ ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ

तुम ही तुम हो तो क्या तुम हो, हम ही हम हैं तो क्या हम हैं।

(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ):** ਧੰਨਵਾਦ ਸਪੀਕਰ ਸਾਹਿਬ, ਮੈਂ ਇਸ ਵਿਸ਼ਵਾਸ ਮੱਤ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਮੇਰੇ ਤੋਂ ਪਹਿਲਾਂ ਵੀ ਇਥੇ ਬੋਲਿਆ ਗਿਆ ਹੈ। ਜਿਨ੍ਹਾਂ ਨੇ ਸਭ ਤੋਂ ਵੱਧ ਇੱਥੇ ਰੌਲਾ ਪਾਇਆ ਅਤੇ ਜਿਨ੍ਹਾਂ ਤੇ ਸਭ ਤੋਂ ਵੱਧ ਇਹ ਆਪਰੇਸ਼ਨ ਸਫਲ ਹੋਇਆ, ਅੱਜ

ਉਹ ਓਪਰੇਸ਼ਨ ਸਰਜਰੀ ਕਰਨ ਵਾਲਿਆਂ ਦੇ ਹੱਕ ਦੇ ਵਿੱਚ ਖੜ੍ਹ ਗਏ। ਇਹ ਸਾਰਾ ਪੰਜਾਬ ਅਤੇ ਦੇਸ਼ ਵੇਖਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ :

ਉਹ ਲੈ ਕੇ ਮਸਾਲਾ ਸਾਡਾ ਘਰ ਜਲਾਉਣ ਦੀਆਂ ਕਰ ਰਹੇ ਨੇ ਸਕੀਮਾਂ,

ਤੇਰਾ ਘਰ ਤਾਂ ਉਨ੍ਹਾਂ ਨੇ ਸ਼ਰ੍ਹੇਆਮ ਦਿਨ ਦਿਹਾੜੇ ਜਲਾਇਆ ਹੈ।

ਤੇਰਾ ਵੇਖ ਕੇ ਕਿਰਦਾਰ ਅੱਖੀਆਂ ਨੂੰ ਯਕੀਨ ਨਹੀਂ ਹੁੰਦਾ,

ਤੂੰ ਇਨਸਾਫ ਦੀ ਮਹਿਫਲ ਵਿੱਚ ਮੁਲਜ਼ਮਾਂ ਦੇ ਨਾਲ ਆਇਆ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸਪੀਕਰ ਸਾਹਿਬ, ਗੱਲਾਂ ਸਾਰੀਆਂ ਹੋ ਗਈਆਂ ਹਨ, ਪਰ ਅੱਜ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਘਰੇ ਈ.ਡੀ ਦੀ ਰੇਡ ਮਰਵਾ ਲਓ, ਸੀ.ਬੀ.ਆਈ ਲੈ ਆਓ, ਸਾਡੀਆਂ ਕਿਹੜੀਆਂ ਕੋਈ ਬੱਸਾਂ ਚੱਲਦੀਆਂ ਹਨ, ਸਾਡੇ ਕਿਹੜੇ ਹੋਟਲ ਹਨ, ਸਾਡੀਆਂ ਕਿਹੜੀਆਂ ਸ਼ੂਗਰ ਮਿੱਲਾਂ ਹਨ। ਇਨ੍ਹਾਂ ਨੂੰ ਚੂਹੇ ਤਾਂ ਮਿਲ ਜਾਣਗੇ ਪਰ ਪੈਸਾ ਨਹੀਂ ਮਿਲਦਾ। ਅਸੀਂ 92 ਦੇ 92 ਚਟਾਨ ਵਾਂਗ ਸ਼੍ਰੀ ਕੇਜਰੀਵਾਲ ਸਾਹਿਬ ਅਤੇ ਸਰਦਾਰ ਭਗਵੰਤ ਮਾਨ ਜੀ ਦੇ ਨਾਲ ਖੜ੍ਹੇ ਹਾਂ।

04.35 / 03.10.2022 ਤਰਲੋਚਨ ਸਿੰਘ /ਰਜਨੀਸ਼ ਕੁਮਾਰ

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)** : ਧੰਨਵਾਦ, ਸਪੀਕਰ ਸਾਹਿਬ। ਬਹੁਜਨ ਸਮਾਜ ਪਾਰਟੀ ਦੇ ਬਾਨੀ ਸਾਹਿਬ ਸ਼੍ਰੀ ਕਾਂਸੀ ਰਾਮ ਜੀ ਨੇ ਕਿਹਾ ਸੀ ਕਿ ਆਰ.ਐਸ.ਐਸ. ਨਾਗਪੁਰ ਦੀ ਧਰਤੀ ਤੋਂ ਬੀ.ਜੇ.ਪੀ. ਅਤੇ ਕਾਂਗਰਸ ਨੂੰ ਚਲਾਉਂਦੀ ਹੈ। ਇਹ ਸਮੇਂ-ਸਮੇਂ ਲੋਕਤੰਤਰ ਦੁਆਰਾ ਚੁਣੇ ਹੋਏ ਲੋਕਾਂ ਦੇ ਨੁਮਾਇੰਦਿਆਂ ਦੀ ਖਰੀਦੋ ਫਰੋਖਤ ਕਰਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਸੰਵਿਧਾਨ ਰਾਹੀਂ ਸਾਨੂੰ ਹੱਕ/ਅਧਿਕਾਰ ਦਿਵਾ ਰਹੇ ਸਨ ਤਾਂ ਇਨ੍ਹਾਂ ਦੇ ਵਡੇਰਿਆਂ ਨੇ ਬਾਬਾ ਸਾਹਿਬ ਦਾ ਰੱਜ ਕੇ ਵਿਰੋਧ ਕੀਤਾ ਸੀ ਕਿ ਇਨ੍ਹਾਂ ਲੋਕਾਂ ਨੂੰ ਵੋਟ ਦਾ ਅਧਿਕਾਰ ਅਤੇ ਪੜ੍ਹਨ ਲਿਖਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਇਨ੍ਹਾਂ ਨੂੰ ਸਕੂਲਾਂ ਅੰਦਰ ਜਾਣ ਦਾ ਕੋਈ ਰਾਈਟ ਨਹੀਂ ਹੋਣਾ ਚਾਹੀਦਾ। ਉਸ ਵੇਲੇ ਇਨ੍ਹਾਂ ਦੇ ਲੀਡਰ ਨੇ ਮਰਨ ਵਰਤ ਤੱਕ ਰੱਖਿਆ। ਇਸ ਕਰਕੇ ਇਹ ਪਾਰਟੀਆਂ ਚਾਹੁੰਦੀਆਂ ਹਨ ਕਿ ਜਿਹੜੇ ਲੋਕਦੱਬੇ ਕੁਚਲੇ ਸਮਾਜਾਂ ਵਿੱਚੋਂ ਆਉਂਦੇ ਹਨ ਉਨ੍ਹਾਂ ਨੂੰ ਰਾਜਨੀਤੀ ਵਿੱਚ ਕਾਮਯਾਬ ਨਾ ਹੋਣ ਦਿੱਤਾ ਜਾਵੇ। ਬਹੁਜਨ ਸਮਾਜ ਪਾਰਟੀ ਹਮੇਸ਼ਾ ਇਸ ਦਾ ਵੱਡੇ ਪੱਧਰ ਤੇ ਸ਼ਿਕਾਰ ਰਹੀ ਹੈ।ਯੂ.ਪੀ. ਵਿੱਚ ਸਾਡੇ ਐਮ.ਐਲ.ਏ. ਸਾਹਿਬਾਨ ਅਤੇ ਐਮ.ਪੀ. ਸਾਹਿਬਾਨ ਨੂੰ ਤੋੜਿਆ ਗਿਆ। ਉਨ੍ਹਾਂ ਨੇ ਵੱਡੇ ਪੱਧਰ ਤੇ ਬੀ.ਐਸ.ਪੀ. ਤੋਂ ਤੋੜ ਕੇ ਮੰਤਰੀ ਵੀ ਬਣਾਏ ਹਨ। ਜਦੋਂ ਅਸੀਂ ਬੀ.ਜੇ.ਪੀ. ਨੂੰ ਰੋਕਣ ਲਈ ਕਾਂਗਰਸ ਦਾ ਸਮਰਥਨ ਕੀਤਾ ਤਾਂ ਕਾਂਗਰਸ ਨੇ ਰਾਜਸਥਾਨ, ਮੱਧ ਪ੍ਰਦੇਸ਼ ਵਿੱਚ ਸਾਡੇ ਐਮ.ਐਲ.ਏ. ਸਾਹਿਬਾਨ ਦੀ ਖਰੀਦੋ ਫਰੋਖਤ ਕਰਕੇ ਆਪਣੇ ਨਾਲ ਰਲਾਏ।

ਅੱਜ ਇਸ ਮਤੇ ਤੇ ਮੈਂ ਇੰਨੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਤੁਹਾਡੇ ਵੱਲੋਂ ਉਠਾਇਆ ਗਿਆ ਮੁੱਦਾ ਬਹੁਤ ਅੱਛਾ ਹੈ, ਮੈਂ ਸਾਰੇ ਸਾਥੀਆਂ ਨੂੰ, ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਸੁਣ ਰਿਹਾ ਸੀ, ਅਸੀਂ ਸਾਰੇ ਯੁਨਾਈਟਿਡ ਹਾਂ ਅਤੇ ਇਕੱਠੇ ਹਾਂ। ਮੈਂ ਗੁਰੂ ਸਾਹਿਬ ਅੱਗੇ ਅਰਦਾਸ ਬੇਨਤੀ ਵੀ ਕਰਦਾ ਹਾਂ ਕਿ ਅਸੀਂ ਸਾਰੇ ਇਕੱਠੇ ਹੀ ਰਹੀਏ। (ਥੰਪਿੰਗ) ਮੈਂ ਸਮਝਦਾ ਹਾਂ ਕਿ ਇਸ ਸੈਸ਼ਨ ਵਿੱਚ ਹੋਰ ਵੀ ਇਸ਼ੂ ਡਿਸਕਸ ਕੀਤੇ ਜਾਣੇ ਚਾਹੀਦੇ ਸਨ। ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਉਹ ਇਸ਼ੂ ਵੀ ਡਿਸਕਸ ਕਰਾਂਗੇ। ਤੁਹਾਡਾ ਬਹੁਤ ਬਹੁਤ ਧੰਨਵਾਦ। ਬਹੁਤ ਬਹੁਤ ਮਿਹਰਬਾਨੀ। (ਥੰਪਿੰਗ)

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਅਸੀਂ ਵਿਸ਼ਵਾਸ ਮੱਤ ਲੈ ਕੇ ਆਏ ਹਾਂ। ਮੈਂ ਆਪਰੇਸ਼ਨ ਲੋਟਸ ਵਾਲਿਆਂ ਨੂੰ ਪੰਜਾਬੀਆਂ ਬਾਰੇ ਦੱਸਣਾ ਚਾਹੁੰਦਾ ਹਾਂ ਕਿ

ਇਸ਼ਕ ਜਿਨ੍ਹਾਂ ਨੂੰ ਝੰਗਾਂ ਤੇ ਬੇਲਿਆਂ ਦਾ
ਉਹ ਨੀ ਤੱਕਦੇ ਤਖਤ ਹਜ਼ਾਰਿਆਂ ਵੱਲ
ਕੱਚੇ ਘੜੇ ਤੇ ਤੁਰਨ ਦੀ ਚਾਹ ਜਿਸ ਨੂੰ
ਉਹ ਪਰਤਦੇ ਨਹੀਂ ਕਿਨਾਰਿਆਂ ਵੱਲ (ਥੰਪਿੰਗ)

ਜਿਹੜੇ ਆਪਰੇਸ਼ਨ ਲੋਟਸ ਤਹਿਤ ਪੰਜਾਬ ਦੇ ਸੂਰਬੀਰ, ਬਹਾਦਰ 92 ਲੋਕਾਂ ਨੂੰ ਖਰੀਦਣ ਦਾ ਭਰਮ ਪਾਲ ਕੇ ਬੈਠੇ ਸਨ, ਉਹ ਦੂਰ ਹੋ ਗਿਆ ਹੈ। ਬੀ.ਜੇ.ਪੀ. ਇਹ ਸੋਚਦੀ ਹੈ, ਰੌਲਾ ਵੀ ਪਾਉਂਦੀ ਹੈ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਨੂੰ ਰਿਉੜੀਆਂ ਵੰਡਦੀ ਹੈ। ਪਰ ਬੀ.ਜੇ.ਪੀ. ਕੁਝ ਖਾਸ ਲੋਕਾਂ ਨੂੰ ਰਿਉੜੀਆਂ ਵੰਡਦੀ ਹੈ। ਕੁਝ ਖਾਸ ਮਿੱਤਰਾਂ ਦੇ ਖਾਤਿਆਂ ਨੂੰ ਸਾਫ ਕਰਦੀ ਹੈ। ਜਦੋਂ ਪੰਜਾਬ ਵਿੱਚ 25-25 ਕਰੋੜ ਦੀ ਆਫਰ ਸਾਹਮਣੇ ਆਈ ਤਾਂ ਇਹ ਗੱਲ ਚਿੱਟੇ ਦੁੱਧ ਵਾਂਗ ਸਾਫ ਹੋ ਗਈ ਕਿ ਜਿਹੜੇ ਜਿਹੜੇ ਮਿੱਤਰਾਂ ਨੂੰ ਇਨ੍ਹਾਂ ਨੇ ਰਿਉੜੀਆਂ ਵੰਡੀਆਂ ਸਨ, ਉਨ੍ਹਾਂ ਤੋਂ ਰਿਉੜੀਆਂ ਲੈ ਕੇ ਸਰਕਾਰਾਂ ਨੂੰ ਤੋੜਦੇ ਹਨ। ਜਿਵੇਂ ਕਰਨਾਟਕਾ ਵਿੱਚ 15 ਕਾਂਗਰਸੀ ਐਮ.ਐਲ.ਏ. ਖਰੀਦੇ, ਮੱਧ ਪ੍ਰਦੇਸ਼ ਵਿੱਚ 22 ਕਾਂਗਰਸੀ ਐਮ.ਐਲ.ਏ. ਖਰੀਦੇ, ਗੋਆ ਵਿੱਚ ਖਰੀਦੇ, ਝਾਰਖੰਡ ਵਿੱਚ ਖਰੀਦੇ, ਇਨ੍ਹਾਂ ਨੇ ਸੋਚ ਲਿਆ ਕਿ ਪੰਜਾਬ ਵਿੱਚ ਵੀ ਖਰੀਦ ਲੈਣਗੇ। ਗੁਜਰਾਤ ਵਿੱਚ ਆਮ ਆਦਮੀ ਪਾਰਟੀ ਦੀ ਬਹੁਤ ਵੱਡੀ ਹਨ੍ਹੇਰੀ ਚੱਲ ਰਹੀ ਹੈ। ਸਰਕਾਰ ਬਣਨ ਜਾ ਰਹੀ ਹੈ। ਇਹ ਘਬਰਾਏ ਹੋਏ ਹਨ। ਇਹ ਸੋਚਦੇ ਸਨ ਕਿ ਪੰਜਾਬ ਦੇ ਐਮ.ਐਲ.ਏ. ਸਾਹਿਬਾਨ ਨੂੰ ਤੋੜ ਕੇ ਇਸ ਹਨ੍ਹੇਰੀ ਨੂੰ ਠੱਲ੍ਹ ਲਵਾਂਗੇ। ਪਰ ਇਹ ਭੁੱਲ ਗਏ ਹਨ ਕਿ ਪੰਜਾਬ ਦੇ ਜੰਮੇ ਪੰਜਾਬੀ ਲੋਕ ਗੁਰੂ ਨਾਨਕ ਪਾਤਸ਼ਾਹ ਦੇ ਵਾਰਸ ਹਾਂ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸ ਹਾਂ। ਇਨ੍ਹਾਂ ਲੋਕ ਨੇ ਆਪਰੇਸ਼ਨ ਲੋਟਸ ਪਹਿਲਾਂ ਦਿੱਲੀ ਵਿੱਚ ਚਲਾਇਆ, ਪੈਸੇ ਦਾ ਲਾਲਚ ਦਿੱਤਾ।

**ਮਾਨਯੋਗ ਸਪੀਕਰ** : ਕਨਕਲੂਡ ਕਰੋ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਜਦੋਂ ਸਾਡੇ ਐਮ.ਐਲ.ਏ. ਲਾਲਚ ਵਿੱਚ ਨਾ ਆਏ ਤਾਂ ਈ.ਡੀ. ਦੀਆਂ ਰੇਡਾਂ ਪਾਈਆਂ ਅਤੇ ਜੇਲ੍ਹਾਂ ਦਿੱਤੀਆਂ। ਇਨ੍ਹਾਂ ਨੇ ਇਹੀ ਕੰਮਕਾਰ ਪੰਜਾਬ ਵਿੱਚ ਲਿਆਉਣਾ ਸੀ। ਪੰਜਾਬ ਵਿੱਚ ਵੀ ਪਹਿਲਾਂ ਇਨ੍ਹਾਂ ਨੇ ਪੈਸੇ ਦੇ ਲਾਲਚ ਦਿੱਤੇ, ਫਿਰ ਇਹ ਸੋਚਦੇ ਸਨ ਕਿ ਇਹ ਸਾਨੂੰ ਡਰਾ ਦੇਣਗੇ, ਧਮਕਾ ਦੇਣਗੇ ਪਰ ਇਹ ਨਹੀਂ ਹੋ ਸਕਦਾ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸ ਹਾਂ। ਸਰਹਿੰਦ ਦੀ ਧਰਤੀ ਯਾਦ ਕਰੋ, ਵਜ਼ੀਦ ਖਾਂ ਦੀ ਕਚਹਿਰੀ ਵਿੱਚ ਛੋਟੇ-ਛੋਟੇ ਸਾਹਿਬਜ਼ਾਦੇ ਜਦੋਂ ਜੈਕਾਰੇ ਮਾਰਦੇ ਸੀ ਤਾਂ ਉਨ੍ਹਾਂ ਨੂੰ ਵੀ ਲਾਲਚ ਦਿੱਤੇ ਗਏ ਸਨ। ਜਦੋਂ ਸਾਹਿਬਜ਼ਾਦੇ ਲਾਲਚ ਵਿੱਚ ਨਾ ਆਏ ਤਾਂ ਉਨ੍ਹਾਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ। ਅਸੀਂ ਉਸ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸ ਹਾਂ। ਅਸੀਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਅਸੀਂ ਹਮੇਸ਼ਾ ਚੱਤੋ-ਪਹਿਰ ਗੁਰਬਾਣੀ ਪੜ੍ਹਨ ਵਾਲੇ ਲੋਕ ਹਾਂ। ਅਸੀਂ ਤੁਹਾਡੇ ਡਰਾਵਿਆਂ ਵਿੱਚ ਨਹੀਂ ਆਉਣ ਵਾਲੇ।

ਗ.ਕੌ/ਮ.ਸ਼/ 3-10-2022/ 4.40

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥

ਮੈਂ ਇਸ ਵਿਸ਼ਵਾਸ ਮਤ ਵਿੱਚ ਪੂਰਨ ਸਹਿਮਤੀ ਪ੍ਰਗਟ ਕਰਦਾ ਹਾਂ ਕਿ ਅਸੀਂ ਆਮ ਆਦਮੀ ਪਾਰਟੀ ਨਾਲ ਚੱਟਾਨ ਵਾਂਗ ਖੜ੍ਹੇ ਹਾਂ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਬੈਠੋ। ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ):** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਜਿਸ ਵੇਲੇ ਅੱਜ 2 ਵਜੇ ਸਭਾ ਸ਼ੁਰੂ ਹੋਈ ਤਾਂ ਤੁਸੀਂ ਵੱਖ ਵੱਖ ਨੁਮਾਇੰਦਿਆਂ ਨੂੰ ਟਾਈਮ ਦਿੱਤਾ ਜਿਨ੍ਹਾਂ ਵਿੱਚ ਸਾਡੇ ਆਪਣੇ ਚੁਣੇ ਹੋਏ ਨੁਮਾਇੰਦੇ ਵੀ ਸੀ, ਵਿਰੋਧੀ ਪਾਰਟੀ ਦੇ ਵੀ ਸੀ। ਤੁਸੀਂ ਕਸਟੋਡੀਅਨ ਹੋ। ਤੁਸੀਂ ਹੁਕਮ ਦੇ ਕੇ ਮੰਤਰੀ ਸਾਹਿਬ ਨੂੰ ਵੀ ਕਹਿ ਸਕਦੇ ਹੋ ਕਿ ਮੰਤਰੀ ਸਾਹਿਬ ਇਸ ਗੱਲ ਦਾ ਜਵਾਬ ਦਿਓ। ਮੰਤਰੀ ਸਾਹਿਬ ਨੇ ਜਵਾਬ ਦਿੱਤਾ। ਤੁਸੀਂ ਦੂਜੀ ਸਪਲੀਮੈਂਟਰੀ ਲਈ। ਫਿਰ ਕਿਹਾ ਕਿ ਮੰਤਰੀ ਸਾਹਿਬ ਇਸ ਗੱਲ ਦਾ ਵੀ ਜਵਾਬ ਦਿਓ। ਵਿਰੋਧੀ ਪਾਰਟੀ ਨੇ ਵੀ ਮੁੱਦਾ ਉਠਾਇਆ। ਮੁੱਦਾ ਪੰਜਾਬ ਦਾ ਹੀ ਸੀ ਜੋ ਅਵਾਰਾ ਕੁੱਤਿਆਂ ਨਾਲ ਵੱਢੇ ਜਾਣ ਵਾਲੇ ਲੋਕਾਂ ਦਾ ਮੁੱਦਾ ਸੀ। ਅਸੀਂ ਆਮ ਤੌਰ ਤੇ ਬੜੇ ਦੁੱਖ ਨਾਲ ਸੁਣਦੇ ਹਾਂ ਕਿ ਅਵਾਰਾ ਕੁੱਤੇ ਬੱਚਿਆਂ ਨੂੰ ਨੋਚ ਵੀ ਲੈਂਦੇ ਹਨ। ਇਸ ਸਬੰਧੀ ਵਿਰੋਧੀ ਪਾਰਟੀ ਨੇ ਬਹੁਤ ਵਧੀਆ ਮੁੱਦਾ ਉਠਾਇਆ। ਸਪੀਕਰ ਸਾਹਿਬ, ਤੁਸੀਂ ਫਿਰ ਕਿਹਾ ਕਿ ਮੰਤਰੀ ਸਾਹਿਬ ਇਸ ਗੱਲ ਦਾ ਜਵਾਬ ਦਿਓ। ਇਸ ਨੂੰ ਡੈਮੋਕ੍ਰੇਸੀ ਕਿਹਾ ਜਾਂਦਾ ਹੈ। ਇਹ ਲੋਕਤੰਤਰ ਹੈ। ਉਨ੍ਹਾਂ ਨੇ ਸਵਾਲ ਪੁੱਛਿਆ ਤੇ ਅਸੀਂ ਜਵਾਬਦੇਹ ਹਾਂ। ਜਿਹੜੀਆਂ ਮਸ਼ੀਨਾਂ ਵੋਟਾਂ ਵੇਲੇ ਬੂਥ ਵਿੱਚ ਲੱਗੀਆਂ ਸਨ ਉਨ੍ਹਾਂ ਵਿੱਚ ਸਾਡਾ ਬਟਨ ਵੀ ਸੀ ਅਤੇ ਉਨ੍ਹਾਂ ਦਾ ਬਟਨ ਵੀ ਸੀ। ਜੇਕਰ ਇਹ ਜਿੱਤ ਕੇ ਆਏ ਹਨ ਤਾਂ ਇਸ ਦਾ ਮਤਲਬ ਉਨ੍ਹਾਂ ਵਾਲੇ ਬਟਨ ਨੂੰ ਜ਼ਿਆਦਾ

ਦੱਬਿਆ ਗਿਆ ਹੈ। ਇਸ ਦਾ ਮਤਲਬ ਲੋਕਾਂ ਨੇ ਉਨ੍ਹਾਂ ਵਿੱਚ ਵਿਸ਼ਵਾਸ ਪ੍ਰਗਟ ਕੀਤਾ। ਸਾਡੇ 92 ਜਿੱਤ ਕੇ ਆਏ ਹਨ। ਕਿਸੇ ਦੇ 3 ਆਏ ਹਨ, ਕਿਸੇ ਦੇ 18 ਆਏ ਹਨ ਅਤੇ ਕਿਸੇ ਦਾ ਇੱਕ ਆਇਆ ਹੈ। ਇਹ ਲੋਕਤੰਤਰ ਹੈ। ਲੋਕਾਂ ਦਾ ਮਤ ਸਰਵਮਾਨਿਆ ਹੈ। ਹਰੇਕ ਨੂੰ ਲੋਕਾਂ ਦੇ ਫਤਵੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਸਾਰੇ ਇੱਕੋ ਰੰਗ ਦੇ ਹੋ ਜਾਈਏ, ਸਾਰੀਆਂ ਵੋਟਾਂ ਇੱਕੋ ਪਾਸੇ ਪੈ ਜਾਣ ਫਿਰ ਉਹ ਲੋਕਤੰਤਰ ਨਹੀਂ ਕਹਾਉਂਦਾ। ਲੋਕਤੰਤਰ ਦਾ ਨਜ਼ਾਰਾ ਵਿਰੋਧੀ ਪਾਰਟੀ ਨਾਲ ਹੀ ਹੁੰਦਾ ਹੈ। ਤੁਸੀਂ ਇਸ ਮੁਕੱਦਸ ਚੇਅਰ ਤੇ ਬੈਠੇ ਹੋ। ਤੁਹਾਡੇ ਕੋਲ ਪਾਵਰ ਹੈ। ਤੁਸੀਂ ਕਿਸੇ ਮਨਿਸਟਰ ਨੂੰ, ਤੁਸੀਂ ਕਿਸੇ ਬੁਲਾਰੇ ਨੂੰ ਈਵਨ ਤੁਸੀਂ ਐਲ.ਓ.ਪੀ. ਸਾਹਿਬ ਨੂੰ ਜਾਂ ਮੈਨੂੰ ਕਹਿ ਸਕਦੇ ਹੋ ਕਿ ਤੁਸੀਂ ਬੈਠੋ ਕਿ ਮੈਂ ਇਹ ਫੈਸਲਾ ਲਿਆ ਹੈ। ਅਸੀਂ ਤੁਹਾਡਾ ਹਰੇਕ ਫੈਸਲਾ ਮੰਨਾਂਗੇ। ਜੇਕਰ ਸ਼ੁੱਧ ਪੰਜਾਬੀ ਵਿੱਚ ਕਹੀਏ ਤੁਸੀਂ ਇਸ ਵਿਧਾਨ ਸਭਾ ਦੇ 117 ਮੈਂਬਰਾਂ ਦੇ ਪਰਿਵਾਰ ਦੇ ਲਾਣੇਦਾਰ ਹੋ। ਲਾਣੇਦਾਰ ਦੀ ਘਰ ਵਿੱਚ ਮੰਨਣੀ ਹੈ ਤਾਂ ਹੀ ਘਰ ਚੱਲਦਾ ਹੈ। ਇਸ ਨੂੰ ਵੀ ਹਾਊਸ ਕਹਿੰਦੇ ਹਾਂ। ਇਹ ਵੀ ਲੋਕਤੰਤਰ ਦਾ ਘਰ ਹੈ। ਇਸ ਵਕਤ ਕਰੋੜਾਂ ਲੋਕ ਤੁਹਾਨੂੰ ਦੇਖ ਰਹੇ ਹਨ। ਕਰੋੜਾਂ ਲੋਕ ਇਸ ਸਮੇਂ ਸਪੀਚ ਸੁਣ ਰਹੇ ਹੋਣਗੇ। ਕੋਈ ਇਸ ਵਕਤ ਸ਼ਿਕਾਗੋ ਵਿੱਚ ਟਰੱਕ ਚਲਾ ਰਿਹਾ ਹੋਵੇਗਾ, ਕੋਈ ਆਸਟ੍ਰੇਲੀਆ ਵਿੱਚ ਟੈਕਸੀ ਚਲਾ ਰਿਹਾ ਹੋਵੇਗਾ, ਕੋਈ ਪੰਜਾਬ ਵਿੱਚ ਮੰਡੀ ਵਿੱਚ ਅੱਜ ਝੋਨਾ ਲੈ ਕੇ ਆਇਆ ਹੋਵੇਗਾ ਉਹ ਵੀ ਬੈਠਾ ਸੁਣ ਰਿਹਾ ਹੋਵੇਗਾ। ਕੋਈ ਮਜ਼ਦੂਰ ਥੋੜ੍ਹਾ ਜਿਹਾ ਟਾਈਮ ਮਜ਼ਦੂਰੀ ਵਿਚੋਂ ਕੱਢ ਕੇ ਸੁਣ ਰਿਹਾ ਹੋਵੇਗਾ, ਮਜ਼ਦੂਰ ਦਾ ਪੁੱਤ ਵੀ ਸੁਣਾ ਹੋਵੇਗਾ ਕਿ ਜਿਹੜੇ ਅਸੀਂ ਚੁਣ ਕੇ ਭੇਜੇ ਸਨ ਉਹ ਕੀ ਕਰ ਰਹੇ ਹਨ। ਜਦੋਂ ਵੋਟ ਪਾ ਕੇ ਆਉਂਦੇ ਹਾਂ ਤਾਂ ਇਕੱਲੀ ਵੋਟ ਪਾ ਕੇ ਨਹੀਂ ਆਉਂਦੇ ਇਸ ਨੂੰ ਮਤਦਾਨ ਕਿਹਾ ਜਾਂਦਾ ਹੈ।

4.45 ਕੁ.ਕ/ਮ.ਸ਼ 03.10.2022

ਮਤ ਦਾ ਮਤਲਬ ਹੈ ਅਕਲ, ਜਿੰਨੀ ਕੁ ਸਾਨੂੰ ਪਰਮਾਤਮਾ ਨੇ ਬਖਸ਼ੀ ਹੈ, ਉਸ ਦਾ ਦਾਨ ਕਰਦੇ ਹਾਂ। ਮਤ ਦਾ ਦਾਨ ਕਰਦੇ ਹਾਂ। ਹਰ ਬੰਦਾ ਜਿਸ ਨੇ ਵੋਟ ਪਾਈ ਹੁੰਦੀ ਹੈ, ਵੋਟ ਪਾਉਣ ਤੋਂ ਬਾਅਦ ਉਹ ਆਪਣੇ-ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਜਿਸ ਨੂੰ ਵੀ ਉਨ੍ਹਾਂ ਨੇ ਵੋਟ ਪਾਈ ਹੁੰਦੀ ਹੈ, ਉਸ ਦਾ ਹਿੱਸਾ ਮੰਨਣ ਲੱਗ ਜਾਂਦਾ ਹੈ। ਉਹ ਸੋਚਦਾ ਹੈ ਕਿ ਮੈਂ ਇਸ ਨੂੰ ਵੋਟ ਪਾਈ ਹੈ ਮੇਰਾ ਵੀ ਇਹ ਹਿੱਸਾ ਹੈ। ਇਸ ਸਰਕਾਰ ਨੂੰ ਮੈਂ ਵੋਟ ਪਾਈ ਹੈ, ਇਸ ਸਰਕਾਰ ਵਿੱਚ ਮੇਰਾ ਹਿੱਸਾ ਹੈ ਔਰ ਹੈਗਾ ਵੀ ਹੈ ਜੀ। ਪਰ ਕਈ ਲੋਕ ਐਸੇ ਹਨ ਜੋ ਕਿ ਲੋਕਾਂ ਦੇ ਮਤਦਾਨ ਨੂੰ, ਦਾਨ ਨੂੰ ਪੈਸਿਆਂ ਨਾਲ ਖਰੀਦਦੇ ਹਨ। ਕੀਤਾ ਤਾਂ ਦਾਨ ਹੈ, ਕਦੇ ਪੈਸਿਆਂ ਨਾਲ ਖਰੀਦ ਲਵੋ ਜਾਂ ਫਿਰ ਆਪਣੇ ਹੱਕ ਵਿੱਚ ਦਾਨ ਕਰਾ ਕੇ ਆਹ ਕੁਰਸੀਆਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਸੁੰਨੀਆਂ ਛੱਡ ਜਾਂਦੇ ਹਨ। ਆਹ ਕੁਰਸੀਆਂ ਸੁੰਨੀਆਂ ਨਹੀਂ ਹਨ, ਇੱਥੇ ਤਾਂ ਬਹੁਤ ਸਾਰੇ ਆਉਂਦੇ ਰਹਿਣਗੇ, ਬੈਠੇ ਰਹਿਣਗੇ। ਆਹ ਮਾਈਕ ਸੁੰਨੇ ਨਹੀਂ ਹਨ। ਲੋਕਾਂ ਨੇ ਜਿਨ੍ਹਾਂ ਨੂੰ ਇਨ੍ਹਾਂ ਕੁਰਸੀਆਂ ਤੇ ਬਿਠਾਇਆ ਹੈ, ਇਹ ਲਗਭਗ 18-20 ਹਨ। 60-70 ਹਜ਼ਾਰ ਦੀ ਐਵਰੇਜ ਲਗਾ ਲਵੋ, 12-13 ਲੱਖ

ਬੰਦਿਆਂ ਦਾ ਦਿਲ ਤੋੜ ਕੇ ਇਹ ਬੰਦੇ ਬਾਹਰ ਪਤਾ ਨਹੀਂ ਆਪਣੇ ਘਰਾਂ ਵਿੱਚ ਚਲੇ ਗਏ ਹਨ ਜਾਂ ਪਤਾ ਨਹੀਂ ਕਿੱਥੇ ਚਲੇ ਗਏ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਹ ਇੱਥੇ ਕਿਉਂ ਨਹੀਂ ਬੈਠੇ? ਮਾਈਕ ਆਨ ਹੋ ਰਹੇ ਹਨ। ਇਨ੍ਹਾਂ ਦੇ ਬੈਠਣ ਲਈ ਕੁਰਸੀਆਂ ਉਹੀ ਹਨ, ਜੋ ਇੱਧਰ ਹਨ। ਇਸ ਦਾ ਮਤਲਬ ਇਹ ਥੋੜ੍ਹੀ ਹੈ ਕਿ ਜੇ ਤੁਸੀਂ ਇੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਹੋ ਤਾਂ ਹੀ ਬੋਲੋਗੇ। ਜੇ ਉੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਹੋ ਤਾਂ ਜਦੋਂ ਮੌਕਾ ਮਿਲ ਗਿਆ, ਉਦੋਂ ਹੀ ਬੋਲੋਗੇ। ਉਸ ਤੋਂ ਬਾਅਦ ਜ਼ਿੰਦਾਬਾਦ, ਮੁਰਦਾਬਾਦ ਅਤੇ ਸਤਿ ਸ੍ਰੀ ਅਕਾਲ। ਲੋਕਤੰਤਰ ਨੂੰ ਪੈਸਾਤੰਤਰ ਤੇ ਲੁੱਟਤੰਤਰ ਬਣਾਇਆ ਜਾ ਰਿਹਾ ਹੈ। ਦੇਸ਼ਾਂ ਨੂੰ ਦੋ ਕਿਸਮ ਦੇ ਖਤਰੇ ਹੰਦੇ ਹਨ। ਸਪੀਕਰ ਸਾਹਿਬ, ਦੇਸ਼ਾਂ ਤੇ ਦੋ ਕਿਸਮ ਦੇ ਹਮਲੇ ਹੁੰਦੇ ਹਨ। ਇੱਕ internal ਇੱਕ external. ਇੱਕ ਤਾਂ ਜੇਕਰ ਕੋਈ ਬਾਹਰਲੇ ਮੁਲਕ ਤੋਂ ਹਮਲਾ ਹੋ ਜਾਵੇ, ਕਿ ਫਲਾਂ ਦੇਸ਼ ਤੇ ਹਮਲਾ ਕਰ ਦਿੱਤਾ ਗਿਆ ਹੈ। ਉਸ ਹਮਲੇ ਨੂੰ ਸਾਡੀਆਂ ਫੌਜਾਂ ਰੋਕਦੀਆਂ ਹਨ। ਸਾਡੇ ਜਾਂਬਾਜ਼, ਮਾਵਾਂ ਨੇ ਪੁੱਤ ਜੰਮ ਕੇ ਬਾਰਡਰਾਂ ਦੇ ਉੱਤੇ ਭੇਜੇ ਹੋਏ ਹਨ, ਉਹ ਰੋਕਦੇ ਹਨ। ਇੱਕ internal ਹਮਲਾ ਹੁੰਦਾ ਹੈ। ਉਹ ਬਹੁਤ ਖਤਰਨਾਕ ਹੁੰਦਾ ਹੈ ਜਿਹੜਾ ਦੇਸ਼ ਦੇ ਅੰਦਰੋਂ ਹੀ ਹੁੰਦਾ ਹੈ। ਹੁਣ ਮੁਲਕ ਇਹ ਵੀ ਕਰਨ ਲੱਗ ਗਏ ਕਿ ਐਵੇਂ ਹੀ ਜਹਾਜ਼ਾਂ ਤੇ ਅਤੇ ਫੌਜਾਂ ਤੇ ਪੈਸਾ ਕਿਉਂ ਖਰਚੀਏ? ਕੋਈ ਨਾ ਕੋਈ ਐਸਾ ਤਰੀਕਾ ਵਰਤ ਕੇ ਇਨ੍ਹਾਂ ਨੂੰ ਅੰਦਰੋ-ਅੰਦਰੀ ਮਾਰ ਦੇਈਏ। ਉਹ ਇਸ ਵਕਤ ਆਪਣੇ ਮੁਲਕ ਵਿੱਚ ਚੱਲ ਰਿਹਾ ਹੈ ਕਿ ਲੋਕਤੰਤਰ ਖਤਮ ਕਰ ਦੇਵੋ। ਆਪਣੇ ਨਾਲ ਦਾ ਮੁਲਕ (ਪਾਕਿਸਤਾਨ) ਹੈ, ਪਹਿਲਾਂ ਇਕੱਠੇ ਹੀ ਸੀ। ਦਾਤੀਆਂ, ਕਹੀਆਂ ਦੇ ਰੰਗ ਇੱਕੋ ਜਿਹੇ ਹਨ। ਉਨ੍ਹਾਂ ਦਾ ਆਜ਼ਾਦੀ ਦਿਹਾੜਾ ਇੱਕ ਦਿਨ ਪਹਿਲਾਂ ਹੈ, ਆਪਣਾ ਬਾਅਦ ਵਿੱਚ ਹੈ। ਉੱਥੇ ਲੋਕਤੰਤਰ ਨਹੀਂ ਆਇਆ। ਸਰ, ਉੱਥੇ ਲੋਕਤੰਤਰ ਨਹੀਂ ਟਿਕ ਸਕਿਆ। ਉੱਥੇ ਡਿਕਟੇਟਰਸ਼ਿਪ ਚਲਦੀ ਹੈ। ਵੋਟਾਂ ਵੇਲੇ ਕਦੇ ਕੋਈ ਬਣ ਜਾਂਦਾ ਹੈ, ਜਦੋਂ ਮਰਜ਼ੀ ਬਣੇ ਹੋਏ ਨੂੰ ਲਾਹ ਦਿੰਦੇ ਹਨ। ਕਦੇ ਵੀ ਕਿਸੇ ਨੂੰ ਵੀ ਸਜ਼ਾ ਦੇ ਦਿੰਦੇ ਹਨ, ਕਿਸੇ ਨੂੰ ਗ੍ਰਿਫਤਾਰ ਕਰ ਲੈਂਦੇ ਹਨ। ਕੋਈ ਬਾਹਰਲੇ ਮੁਲਕ ਵਿੱਚ ਭੱਜ ਜਾਂਦਾ ਹੈ ਫਿਰ ਮੁਆਫੀ ਮੰਗ ਕੇ ਆਉਂਦਾ ਹੈ। ਇਸ ਤਰ੍ਹਾਂ ਦਾ ਸਾਡੇ ਤਾਂ ਨਹੀਂ ਹੈ। ਲੋਕਤੰਤਰ ਦੇ ਵਿੱਚ ਜਿਹੜੇ ਚੁਣੇ ਗਏ ਹਨ। ਸਾਡੇ ਪਹਿਲਾਂ ਕਦੀ ਇਸ ਤਰ੍ਹਾਂ ਦਾ ਰਿਕਾਰਡ ਨਹੀਂ ਸੀ। ਸਰ, ਹੁਣ ਇਹ ਕਿਉਂ ਬਣਨ ਲੱਗ ਪਿਆ ਹੈ? ਆਹ ਜਿਹੜੇ ਕਾਂਗਰਸ ਵਾਲੇ ਭਰਾ ਹਨ, ਇਹ ਆਪਰੇਸ਼ਨ ਲੋਟਸ ਦੇ ਸਮਰਥਨ ਦੇ ਵਿੱਚ ਉੱਠ ਕੇ ਵਾਕ ਆਊਟ ਕਰ ਗਏ ਜਾਂ ਜ਼ਿੰਦਾਬਾਦ, ਮੁਰਦਾਬਾਦ ਕਰ ਗਏ ਹਨ। ਇਹ ਆਪ ਉਸੇ ਗੱਲ ਤੋਂ ਪੀੜਤ ਹਨ। ਹਰ ਰੋਜ਼ ਇਨ੍ਹਾਂ ਦੇ ਐਮ.ਐਲ.ਏ. ਜਾਂਦੇ ਹਨ। ਮੈਂ ਗੁਜਰਾਤ ਗਿਆ। ਗੁਜਰਾਤ ਦੇ ਲੋਕ ਕੀ ਕਹਿੰਦੇ ਹਨ? 27 ਸਾਲ ਤੋਂ ਉੱਥੇ ਭਾਜਪਾ ਦੀ ਸਰਕਾਰ ਹੈ। ਮੈਂ ਗੁਜਰਾਤ ਦੇ ਲੋਕਾਂ ਤੋਂ ਪੁੱਛਿਆ ਕਿ ਕਾਂਗਰਸ ਕਿਉਂ ਨਹੀਂ ਆਈ? ਉਹ ਕਹਿੰਦੇ ਜੀ ਕੀ ਕਰੀਏ ਵੋਟਾਂ ਤਾ ਬਥੇਰੀਆਂ ਪਾਉਂਦੇ ਹਾਂ ਪਰ ਇਹ ਉੱਧਰ ਚਲੇ ਜਾਂਦੇ ਹਨ। ਇਹ ਉਨ੍ਹਾਂ ਵੱਲ ਚਲੇ ਜਾਂਦੇ ਹਨ। ਇੱਕ ਬੰਦੇ ਨੇ ਮੈਨੂੰ ਕਿਹਾ ਕਿ ਹੁਣ ਤਾਂ ਦੇਸ਼ ਦੇ ਵਿੱਚ ਕਾਂਗਰਸ ਦਾ ਇੱਕ ਦਫਤਰ ਖੁੱਲ੍ਹਣਾ ਚਾਹੀਦਾ ਹੈ। ਜਿਸ ਦੇ ਬਾਹਰ ਲਿਖਿਆ ਹੋਵੇ, ਕਿ ਇੱਥੇ ਲੋਕਾਂ ਦੁਆਰਾ ਚੁਣੇ ਹੋਏ

ਵਿਧਾਇਕ ਸਸਤੇ ਰੇਟਾਂ ਤੇ ਵੇਚੇ ਜਾਂਦੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਲੋਕਾਂ ਦੀਆਂ ਵੋਟਾਂ ਦਾ ਆਹ ਮੁੱਲ ਪਾਉਂਦੇ ਹਨ ਕਿ ਲੋਕਾਂ ਤੋਂ ਵੋਟਾਂ ਲੈ ਕੇ ਬਾਅਦ ਵਿੱਚ ਵੇਚ ਦੇਵੋ। ਇਨ੍ਹਾਂ ਨੂੰ ਸਭ ਪਤਾ ਹੈ ਕਿ ਕੌਣ ਕਿੰਨੇ ਵਿੱਚ ਵਿਕਦਾ ਹੈ। ਇਹ ਰਿਐਕਟ ਕਿਉਂ ਨਹੀਂ ਕਰਦੇ? ਜਿਨ੍ਹਾਂ ਨੂੰ ਭਾਜਪਾ ਵਾਲੇ ਤੰਗ ਕਰਦੇ ਹਨ, ਇਹ ਉਨ੍ਹਾਂ ਦਾ ਸਮਰਥਨ ਕਿਉਂ ਨਹੀਂ ਕਰਦੇ? ਗੋਆ ਦੇ ਵਿੱਚ 11 ਵਿੱਚੋਂ 8 ਐਮ.ਐਲ.ਏ. ਕਾਂਗਰਸ ਦੇ ਭਾਜਪਾ ਵਿੱਚ ਚਲੇ ਗਏ, ਕਾਂਗਰਸ ਦਾ ਇੱਕ ਬੰਦਾ ਨਹੀਂ ਬੋਲਿਆ ਕਿ ਕਿਉਂ ਚਲੇ ਗਏ? ਦੋ ਤਿੰਨ ਸੂਬਿਆਂ ਵਿੱਚ ਸਰਕਾਰਾਂ ਤੁੜਵਾ ਲਈਆਂ, ਇੱਕ ਬੰਦਾ ਨਹੀਂ ਬੋਲਿਆ। ਜੇ ਇਹ ਬੋਲਦੇ ਤਾਂ ਅਸੀਂ ਵੀ ਇਨ੍ਹਾਂ ਦਾ ਸਾਥ ਦਿੰਦੇ ਕਿ ਇਹ ਤਾਂ ਲੋਕਤੰਤਰ ਦੀ ਹੱਤਿਆ ਹੈ।

04.50/ਪ.ਸ਼/ਸ਼.ਜ

ਇਹ ਮੇਰੇ ਸਾਹਮਣੇ ਇੱਥੇ ਬੈਠਦੇ ਹਨ। ਲੋਕ ਸਭਾ ਅਤੇ ਰਾਜ ਸਭਾ ਦੇ ਵੀ ਮੈਂਬਰ ਰਹੇ ਹਨ। ਪੰਜਾਬ ਦੇ ਵਿੱਚ ਵੀ ਤਿੰਨ-ਚਾਰ ਮੁੱਖ ਮੰਤਰੀਆਂ ਦੇ ਅੰਡਰ ਕੰਮ ਕੀਤਾ ਹੈ। ਆਪ ਮੁੱਖ ਮੰਤਰੀ ਨਹੀਂ ਬਣ ਸਕੇ, ਕੋਈ ਗੱਲ ਨਹੀਂ। ਅੱਜ ਕੱਲ੍ਹ ਐਲ.ਓ.ਪੀ. ਹਨ, ਵਿਰੋਧੀ ਧਿਰ ਦੇ ਨੇਤਾ ਹਨ। ਅੱਜ ਬੜੀ ਵਧੀਆ ਜ਼ਾਮਨੀ ਰੰਗ ਦੀ ਪੱਗ ਬੰਨ੍ਹ ਕੇ ਆਏ ਸਨ, ਮਿਸਟਰ ਪ੍ਰਤਾਪ ਸਿੰਘ ਭਾਜਪਾ। ਸੌਰੀ, ਬਾਜਵਾ। ਮੈਂ ਕੀ ਕਰਾਂ, ਮੇਰੇ ਤੋਂ ਸੱਚ ਬੋਲਿਆ ਜਾਂਦਾ ਹੈ। ਇਹ ਭਾਜਪਾ ਬਣ ਗਏ ਹਨ। ਗੁਜਰਾਤ ਦੇ ਵਿੱਚ ਦੋਵੇਂ ਹੀ ਇਹ secret ਮੀਟਿੰਗਾਂ ਕਰ ਰਹੇ ਹਨ। ਪਤਾ ਕਿੱਥੋਂ ਲੱਗਦਾ ਹੈ, ਅਗਲੇ ਦਿਨ ਗਾਲ੍ਹਾਂ ਇੱਕੋ ਜਿਹੀ ਦਿੰਦੇ ਹਨ। ਗਾਲ੍ਹਾਂ ਕਿਸ ਨੂੰ ਦਿੰਦੇ ਹਨ, ਆਮ ਆਦਮੀ ਪਾਰਟੀ ਨੂੰ। ਇੱਕੋ ਜਿਹੀਆਂ ਗਾਲ੍ਹਾਂ, ਤੂੰ ਇੱਕ ਦਿਨ ਕੱਢੀਂ, ਤੂੰ ਦੂਜੇ ਦਿਨ ਕੱਢੀਂ, ਫਿਰ ਅਸੀਂ ਗਾਲ੍ਹਾਂ ਦੀ ਤਾਈਦ ਵੀ ਕਰ ਦੇਵਾਂਗੇ ਕਿ ਹਾਂ ਗਾਲ੍ਹਾਂ ਸਹੀ ਹੈ। ਇਨ੍ਹਾਂ ਦੀ ਇਹ ਹਾਲਤ ਹੈ। ਮੈਂ ਆਪਣੇ ਦੋਸਤ ਨੂੰ ਫੋਨ ਕੀਤਾ ਅਤੇ ਕਿਹਾ ਕਿ ਕਾਂਗਰਸ ਦੀ ਪ੍ਰਧਾਨਗੀ ਦੇ ਫਾਰਮ ਮਿਲਣੇ ਸ਼ੁਰੂ ਹੋ ਗਏ ਹਨ, ਤੂੰ ਫਾਰਮ ਲੈ ਕੇ ਭਰ ਦੇ। ਉਹ ਕਹਿੰਦਾ ਕਿ ਮੈਂ ਫਾਰਮ ਤਾਂ ਲੈ ਲਵਾਂਗਾ ਪਰ ਮੈਨੂੰ ਚਿੰਤਾ ਇਸ ਗੱਲ ਦੀ ਹੈ ਕਿ ਜੇਕਰ ਮੈਂ ਚੁਣਿਆ ਗਿਆ ਤਾਂ ਫਿਰ ਮੈਂ ਕੀ ਕਰਾਂਗਾ? ਇਨ੍ਹਾਂ ਦਾ ਕੋਈ ਪ੍ਰਧਾਨ ਬਣਨ ਨੂੰ ਰਾਜ਼ੀ ਨਹੀਂ ਹੈ ਅਤੇ ਜਿਹੜੇ ਇਨ੍ਹਾਂ ਦੇ ਪਹਿਲੇ ਪ੍ਰਧਾਨ ਸਨ, ਉਨ੍ਹਾਂ ਕੋਲ ਬਹੁਤ ਵਧੀਆ ਮੌਕੇ ਸਨ। ਡਾ. ਮਨਮੋਹਨ ਸਿੰਘ ਜੀ ਦੀ ਗੌਰਮਿੰਟ ਸੀ, ਉਸ ਦੇ ਵਿੱਚ ਮੰਤਰੀ ਬਣ ਜਾਂਦੇ। ਲੋਕਾਂ ਦੀ ਭਲਾਈ ਜਾਂ ਕੁਝ ਕੰਮ ਕਰਕੇ ਲੋਕਾਂ ਨੂੰ ਦਿਖਾਉਂਦੇ। ਇਸ ਵਕਤ ਪਾਰਟੀ ਨੂੰ ਲੋੜ ਸੀ, ਪਾਰਟੀ ਦੇ ਪ੍ਰਧਾਨ ਬਣ ਜਾਂਦੇ ਅਤੇ ਪਾਰਟੀ ਨੂੰ ਲੀਡ ਕਰਦੇ। ਨਾ ਮੰਤਰੀ ਬਣੇ, ਨਾ ਪ੍ਰਧਾਨ ਬਣੇ ਬਸ ਉਹ ਇਹ ਹੀ ਕਹਿੰਦੇ ਹਨ ਕਿ ਮੈਨੂੰ ਪ੍ਰਧਾਨ ਮੰਤਰੀ ਬਣਾਓ। ਲੋਕੀਂ ਕਿਉਂ ਬਣਾਉਣ? ਬਸ, ਕਾਂਗਰਸੀਆਂ ਦੀ ਇਹ ਹੀ ਦਿੱਕਤ ਹੈ ਕਿ ਇਹ ਕਹਿੰਦੇ ਹਨ ਕਿ ਸਾਨੂੰ ਸਤਾ ਵਿੱਚ ਲੈ ਕੇ ਆਓ, ਅਸੀਂ ਕੁਝ ਕਰ ਕੇ ਦਿਖਾਵਾਂਗੇ ਪਰ ਲੋਕੀਂ ਕਹਿੰਦੇ ਹਨ ਕਿ ਪਹਿਲਾਂ ਕੁਝ ਕਰ ਕੇ ਦਿਖਾਓ ਅਤੇ ਫਿਰ ਸਤਾ ਦੇ ਵਿੱਚ ਲੈ ਕੇ ਆਵਾਂਗੇ। ਇਹੀ ਫਰਕ ਹੈ। ਸੋ, ਇਨ੍ਹਾਂ ਨੂੰ ਇਹ ਲੱਗਦਾ ਹੈ ਕਿ ਅਸੀਂ ਬੀ.ਜੇ.ਪੀ. ਦੇ ਨਾਲ ਮਿਲ ਕੇ ਇਨ੍ਹਾਂ ਨੂੰ ਖਰੀਦ ਲਵਾਂਗੇ।

ਇਨਸਾਫ ਦਾ ਦਿਨ ਨਹੀਂ ਚੜ੍ਹਨਾ, ਜੋ ਲੋਕਾਂ ਦੇ ਦਿਲ ਤੋਂ ਇਹ ਡਰ ਨਹੀਂ ਜਾਂਦਾ

ਇਨਸਾਫ ਦਾ ਦਿਨ ਨਹੀਂ ਚੜ੍ਹਨਾ, ਜੋ ਲੋਕਾਂ ਦੇ ਦਿਲ ਤੋਂ ਇਹ ਡਰ ਨਹੀਂ ਜਾਂਦਾ

ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਰਾਤ ਲੰਮੀ ਹੋਣ ਦਾ ਮਤਲਬ ਸੂਰਜ ਮਰ ਨਹੀਂ ਜਾਂਦਾ।

ਜਿਨ੍ਹਾਂ ਕੋਲ ਲੱਖਾਂ ਕਰੋੜਾਂ ਨੇ, ਉਹ ਮੈਨੂੰ ਬੁਲਾਉਂਦੇ ਪਏ ਨੇ

ਮੈਂ ਜਾ ਸਕਦਾ ਹਾਂ ਪਰ ਨਹੀਂ ਜਾਂਦਾ

ਸਾਹਾਂ ਦਾ ਭਾਰ ਹੀ ਸਭ ਤੋਂ ਭਾਰੀ ਹੈ, ਮੈਂ ਪਰਖ ਲਿਆ

ਜ਼ਰਾ ਸੋਚੋ ਡੁੱਬਣ ਤੋਂ ਬਾਅਦ ਬੰਦਾ ਤਰ ਨਹੀਂ ਜਾਂਦਾ।(ਥੰਪਿੰਗ)।

ਸਪੀਕਰ ਸਾਹਿਬ, ਤੁਸੀਂ ਗੁਰਬਾਣੀ ਦੇ ਗਿਆਨੀ ਹੋ। ਅਕਸਰ ਤੁਸੀਂ ਗੁਰਬਾਣੀ ਦੀਆਂ ਪੰਕਤੀਆਂ ਬੋਲਦੇ ਰਹਿੰਦੇ ਹੋ। ਸਚਾਈ ਇਹ ਹੈ ਕਿ ਭਾਰ ਹੀ ਅਸੀਂ ਸਾਹਾਂ ਦਾ ਚੁੱਕੀ ਫਿਰਦੇ ਹਾਂ। ਬੰਦਾ ਡੁੱਬ ਜਾਵੇ, ਜਿਨ੍ਹਾਂ ਚਿਰ ਸਾਹ, ਓਨਾ ਚਿਰ ਥੱਲੇ, ਸਾਹ ਮੁੱਕ ਗਏ ਤਾਂ ਉਪਰ। ਇਸ ਦਾ ਮਤਲਬ ਭਾਰ ਕਿਸ ਦਾ ਸੀ, ਸਾਹਾਂ ਦਾ। ਸੋ, ਇਹ 25-25 ਸਾਲ ਰਾਜ ਕਰਨ ਦੀਆਂ ਕਿਹੜੀਆਂ ਗੱਲਾਂ ਕਰਦੇ ਹਨ। ਇਨ੍ਹਾਂ ਨੂੰ ਮੁਲਕ ਨੂੰ ਲੁੱਟਦਿਆਂ 70 ਸਾਲ ਹੋ ਗਏ ਹਨ। ਅਜੇ ਇਨ੍ਹਾਂ ਦਾ ਢਿੱਡ ਨਹੀਂ ਭਰਿਆ। ਸਿਆਣੇ ਕਹਿੰਦੇ ਹਨ ਕਿ ਢਿੱਡ ਦਾ ਭੁੱਖਾ ਰੱਜ ਜਾਂਦਾ ਹੈ, ਨੀਤ ਦਾ ਭੁੱਖਾ ਨਹੀਂ ਰਜਦਾ। ਇਹ ਸਾਰੇ ਨੀਤਾਂ ਦੇ ਭੁੱਖੇ ਹਨ(ਥੰਪਿੰਗ)। ਇਹ ਸਾਡੇ ਬਾਰੇ ਕਹਿੰਦੇ ਹਨ ਕਿ ਇਨ੍ਹਾਂ ਨੂੰ ਇਹ ਨਹੀਂ ਕਰਨਾ ਆਉਂਦਾ, ਇਹ ਤਾਂ ਨਵੇਂ ਹਨ, ਭਗਵੰਤ ਮਾਨ ਕੋਲ ਤਜਰਬਾ ਨਹੀਂ, ਬਈ ਲੋਕ ਦੁਖੀ ਹੀ ਤਜਰਬੇਕਾਰਾਂ ਤੋਂ ਹੈ (ਹਾਸਾ)(ਥੰਪਿੰਗ)। ਅੱਜ ਵੀ ਭਗਵੰਤ ਮਾਨ ਕਹਿੰਦਾ ਹੈ ਕਿ ਭਗਵੰਤ ਮਾਨ ਧਰਤੀ ਨਾਲ ਜੁੜਿਆ ਹੋਇਆ ਬੰਦਾ ਹੈ ਭਾਵੇਂ ਲੋਕਾਂ ਨੇ ਜਿਹੜੀ ਮਰਜ਼ੀ ਪੋਸਟ ਤੇ ਪਹੁੰਚਾ ਦਿੱਤਾ ਹੈ। ਇਹ ਲੋਕਾਂ ਦੀ ਹੀ ਚੇਅਰ ਹੈ, ਲੋਕਾਂ ਦਾ ਪੈੱਨ ਹੈ। ਮੈਂ ਅੱਜ ਵੀ ਕਹਿੰਦਾ ਹਾਂ ਕਿ

ਮੈਂ ਅੰਨ੍ਹਾ ਤੇ ਤਿਲਕਣ ਰਸਤਾ,

ਮੈਂ ਅੰਨ੍ਹਾ ਤੇ ਤਿਲਕਣ ਰਸਤਾ, ਦੇਵੇ ਕੌਣ ਸੰਭਾਲਾ,

ਧੱਕੇ ਦੇਵਨ ਵਾਲੇ ਬਹੁਤੇ, ਇਕ ਤੂੰ ਹੱਥ ਪਕੜਨ ਵਾਲਾ।

**4.55/ਜਸਪਾਲ/ਸੁਭਮ/3.10.2022**

ਇੱਕ ਤਾਂ ਬੰਦਾ ਅੰਨ੍ਹਾ ਹੈ, ਉਤੋਂ ਤਿਲਕਣ ਰਸਤਾ ਹੈ, ਉਤੋਂ ਧੱਕੇ ਦੇਣ ਵਾਲੇ ਆਹ ਹਨ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਫਿਰ ਤਾਂ ਉਸ ਵੇਲੇ ਰੱਬ ਹੀ ਬਾਂਹ ਫੜ੍ਹਦਾ ਹੈ। ਸੋ, ਪ੍ਰਮਾਤਮਾ ਨੇ, ਕਿਉਂਕਿ ਪ੍ਰਮਾਤਮਾ ਲੋਕਾਂ ਵਿਚ ਵੱਸਦਾ ਹੈ ਲੋਕਾਂ ਨੇ ਜੇ ਸਾਨੂੰ ਵਿਸ਼ਵਾਸ ਦਿੱਤਾ, ਲੋਕਾਂ ਨੇ ਸਾਡੇ ਉਤੇ ਵਿਸ਼ਵਾਸ ਕੀਤਾ ਤਾਂ ਅਸੀਂ ਨਿਭਾਵਾਂਗੇ, ਕਿਉਂ ਨਹੀਂ ਨਿਭਾਵਾਂਗੇ? ਸੋ, ਸਪੀਕਰ ਸਾਹਿਬ, ਮੈਂ ਇਹੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ

ਨੂੰ ਚਾਹੀਦੀ ਹੈ ਅਖਬਾਰ ਦੀ ਇੱਕ ਡੱਬੀ, ਇਹ ਆ ਕੇ ਆਪਦੀ ਗੱਲ ਬੋਲ ਕੇ ਇਥੇ ਖੜ੍ਹ ਕੇ (ਵੈੱਲ ਆਫ ਦਿ ਹਾਊਸ) ਸਿੱਧੇ ਅਖਬਾਰ ਵਾਲਿਆਂ ਕੋਲ ਕਿ ਕੱਲ੍ਹ ਨੂੰ ਅਖਬਾਰ ਵਿੱਚ ਇੱਕ ਡੱਬੀ ਲੱਗ ਜਾਵੇਗੀ ਕਿ ਕਾਂਗਰਸ ਨੇ ਆਹ ਮੁੱਦਾ ਉਠਾਇਆ। ਲੋਕਾਂ ਦੇ ਮੁੱਦੇ ਉਠਾਏ ਕਦੇ? ਜਿਉਂ ਲੱਗੇ ਕਰਨ ਜੀਰੋ ਆਵਰ ਜੀ, ਜੀਰੋ ਆਵਰ।ਤੁਸੀਂ ਲੋਕਾਂ ਦੇ ਮੁੱਦੇ ਤਾਂ ਉਠਾ ਦਿਉ, ਮੈਂ ਜਵਾਬ ਦੇਣ ਨੂੰ ਤਿਆਰ ਹਾਂ। ਮੈਂ ਹੋਮ ਮਨਿਸਟਰ ਹਾਂ, ਮੈਂ ਹੋਮ ਮਨਿਸਟਰ ਦੇ ਤੌਰ ਤੇ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਗੈਂਗਸਟਰ ਵਾਲਾ ਮਾਮਲਾ ਹੋਇਆ ਹੈ, ਉਸ ਵਿਚ ਜਿਹੜਾ ਪ੍ਰਿਤਪਾਲ ਸਿੰਘ ਹੈ, ਉਸ ਨੂੰ ਡਿਸਮਿਸ ਵੀ ਕਰ ਦਿੱਤਾ, 7 ਤਰੀਕ ਤੱਕ ਉਸ ਦਾ ਰਿਮਾਂਡ ਵੀ ਲੈ ਲਿਆ ਔਰ ਸਾਰੇ ਮੁਲਕ ਵਿੱਚ ਏਅਰਪੋਰਟਾਂ ਉਤੇ ਲੁੱਕ ਆਊਟ ਨੋਟਿਸ ਜਾਰੀ ਕਰ ਦਿੱਤਾ, ਨੇਪਾਲ ਦੇ ਬਾਰਡਰ ਉਤੇ ਸਖਤਾਈ ਕਰ ਦਿੱਤੀ, ਸਪੈਸ਼ਲ ਅਪਰੇਸ਼ਨ ਚੱਲ ਰਿਹਾ ਹੈ, ਬੜੀ ਜਲਦੀ ਉਹ ਬੰਦਾ ਦੁਬਾਰਾ ਵਾਪਸ ਆ ਜਾਵੇਗਾ। (ਥੰਪਿੰਗ) ਮੈਂ ਜਵਾਬ ਦਿੰਦਾ ਹਾਂ। ਇਸੇ ਗੱਲ ਪਿਛੇ ਇਹ ਪੌਣਾ ਘੰਟਾ ਲੜੀ ਗਏ। ਮੈਂ ਜਵਾਬ ਦਿੰਦਾ ਹਾਂ। ਮੈਂ ਜਵਾਬਦੇਹ ਹਾਂ, ਮੈਂ ਕਿਹੜਾ ਕਿਸੇ ਗੱਲੋਂ ਕਾਣਾ ਹਾਂ। ਦੂਜਾ ਅੱਜ ਮੈਂ ਇੱਕ ਹੋਰ ਅਨਾਊਂਸਮੈਂਟ ਕਰਨੀ ਚਾਹੁੰਦਾ ਹਾਂ ਕਿਉਂਕਿ ਇੱਕ ਤਾਂ ਖੁਸ਼ਖਬਰੀ ਇਸ ਗੱਲ ਦੀ ਹੈ ਕਿ 1 ਅਕਤੂਬਰ ਤੋਂ ਝੋਨਾ ਆ ਗਿਆ ਹੈ, ਬੜੀ ਵੱਡੀ ਫਸਲ ਹੈ ਸਾਡੇ ਪੰਜਾਬ ਦੀ, 1 ਅਕਤੂਬਰ ਤੋਂ ਝੋਨੇ ਦੀ ਖਰੀਦ ਸ਼ੁਰੂ ਹੋ ਗਈ ਔਰ 1 ਅਕਤੂਬਰ ਨੂੰ ਹੀ ਮੇਰੇ ਕੋਲ ਕਿਸੇ ਕਿਸਾਨ ਦੀ ਵੀਡੀਓ ਆਈ, ਉਹ ਕਹਿੰਦਾ ਕਿ ਅੱਜ ਹੀ ਫਸਲ ਲੈ ਕੇ ਆਏ ਸੀ, ਦੋ ਤਿੰਨ ਘੰਟਿਆਂ ਵਿੱਚ 2,13,000 ਸਾਡੇ ਖਾਤੇ ਵਿਚ ਆ ਗਏ, ਅੱਜ ਹੀ ਫਸਲ, ਅੱਜ ਹੀ ਪੈਸੇ। ਉਹ ਕਹਿੰਦੇ ਕਿ ਪਹਿਲਾਂ ਢਾਈ ਢਾਈ, ਤਿੰਨ ਤਿੰਨ ਮਹੀਨੇ ਇੰਤਜ਼ਾਰ ਕਰਨਾ ਪੈਂਦਾ ਸੀ, ਕਦੇ ਕਹਿੰਦੇ ਸੀ ਕਿ ਇਧਰ ਨਹੀਂ ਆਏ, ਉਧਰ ਨਹੀਂ ਆਏ। ਕਿਉਂ ਬਈ ਇੱਧਰ ਉਧਰ ਦੇ ਚੱਕਰਾਂ ਵਿੱਚ? ਬਾਕੀ ਸਰ, ਸਿੱਧੂ ਮੂਸੇਵਾਲਾ ਬੜਾ ਦੁਖਦਾਇਕ ਜਿਹੜਾ ਕਤਲ ਕਾਂਡ ਆਰਟਿਸਟ ਭਰਾ ਦਾ ਹੋਇਆ, ਉਸ ਵਿੱਚ 36 ਟੋਟਲ ਐਕਿਊਜਡ ਹਨ, 28 ਫੜ੍ਹ ਲਏ ਹਨ ਉਨ੍ਹਾਂ ਵਿਚੋਂ 4 ਉਹ ਹਨ ਜਿਹੜੇ ਮੇਨ ਸ਼ੂਟਰ ਸੀ, 24 ਦਾ ਚਲਾਨ ਪੇਸ਼ ਕਰ ਦਿੱਤਾ, ਹੋਰ ਵੀ ਫੜ੍ਹਨ ਲੱਗੇ ਹੋਏ ਹਾਂ। ਮੇਰੇ ਤੋਂ ਪਹਿਲਾਂ ਅਮਨ ਅਰੋੜਾ, ਮਨਿਸਟਰ ਸਾਹਿਬ ਨੇ ਦੱਸਿਆ ਹੈ, ਇਹ ਛੇ ਮਹੀਨਿਆਂ ਵਿਚ ਪੈਦਾ ਨਹੀਂ ਹੋਏ, ਨਾਂ ਇਨ੍ਹਾਂ ਦੇ ਵੀ ਲੱਗਦੇ ਹਨ, ਇਨ੍ਹਾਂ ਨੇ ਹੀ ਉਹ ਪੈਦਾ ਕੀਤੇ ਹਨ, ਕਈ ਤਾਂ ਚਲੇ ਗਏ ਹਨ, ਨਹੀਂ ਮੈਂ ਦੱਸ ਦਿੰਦਾ ਕਿ ਕਿਸ ਦਾ ਨਾਂ ਕਿਹਦੇ ਨਾਲ ਲੱਗਦਾ ਹੈ, ਉਹ ਉਥੇ ਕੁ ਬਹਿੰਦਾ ਹੁੰਦਾ ਹੈ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) (ਥੰਪਿੰਗ) ਇਨ੍ਹਾਂ ਨੇ ਇਹ ਪੈਦਾ ਕੀਤੇ ਹਨ, ਜਦੋਂ ਮਰਜ਼ੀ ਨੌਜਵਾਨਾਂ ਨੂੰ ਹਥਿਆਰ ਫੜਾ ਕੇ ਵਰਤ ਲਵੋ ਤੇ ਬਾਅਦ ਵਿਚ ਸਰਕਾਰਾਂ ਬਣਾ ਕੇ ਭੁੱਲ ਜਾਓ, ਲਗਾ ਦਿਉ ਦੂਜਿਆਂ ਦੇ। ਇਨ੍ਹਾਂ ਨੂੰ ਇਹ ਲੱਗਦਾ ਹੈ, ਪਹਿਲਾਂ ਇਨ੍ਹਾਂ ਨੂੰ ਪੁੱਛਣ ਵਾਲਾ ਹੈ ਕਿ ਤੁਸੀਂ ਆਪਦੇ ਵਾਲੇ ਤਾਂ ਸਾਂਭ ਲਵੋ। ਮੈਂ ਇਸ ਗੱਲੋਂ ਹੈਰਾਨ ਮੰਨ ਗਿਆ ਕਿ ਪਿੱਛੇ ਜਿਹੇ ਜਦੋਂ ਸਾਬਕਾ ਸਾਢੇ ਮੁੱਖ ਮੰਤਰੀ, ਸਾਢੇ ਚਾਰ ਸਾਲਾ ਮੁੱਖ ਮੰਤਰੀ, ਉਹ ਇੱਥੇ ਹੀ ਬਹਿੰਦੇ ਹੁੰਦੇ ਸੀ, ਉਹ ਜਦੋਂ ਬੀ.ਜੇ.ਪੀ. ਵਿਚ ਗਏ ਤਾਂ ਨਾਲ ਆਪਣਾ ਅਲੀ ਬਾਬਾ ਗਿਆ ਤਾਂ ਨਾਲ ਚਲੋ 40 ਤਾਂ ਨਹੀਂ

ਗਏ ਪਰ ਨਾਲ ਥੋੜ੍ਹੇ ਜਿਹੇ ਘੱਟ ਸੀ, 20-25 ਹੋਣੇ, ਉਨ੍ਹਾਂ 20-25 ਵਿਚੋਂ ਵੀ ਬੀ.ਜੇ.ਪੀ. ਨੇ 5-7 ਮੋੜ ਦਿੱਤੇ, ਮਤਲਬ ਕਿ ਕਿੰਨੇ ਕੁਰੱਪਟ ਹੋਣਗੇ ਜਿਨ੍ਹਾਂ ਨੂੰ ਬੀ.ਜੇ.ਪੀ. ਨੇ ਵੀ ਮੋੜ ਦਿੱਤਾ (ਥੰਪਿੰਗ) (ਹਾਸਾ) ਮਤਲਬ ਹੱਦ ਹੈ ਇਹ ਤਾਂ, ਉਹ ਜਿਹੜੇ ਕਹਿੰਦੇ ਹਨ ਕਿ ਅਸੀਂ ਮਸ਼ੀਨ ਲਗਾ ਲਈ, ਸੁੱਟੋ ਸਾਰੇ, ਧੋ ਕੇ, ਸਾਫ ਕਰਕੇ, ਉਨ੍ਹਾਂ ਦੀ ਮਸ਼ੀਨ ਵੀ ਮੁੱਕਰ ਗਈ ਕਿ ਆਹ ਨਹੀਂ ਧੋ ਸਕਦੇ ਪਰ ਸਾਡੇ ਜਿਹੜੇ ਇਹ ਮੇਰੇ ਸਾਥੀ ਬੈਠੇ ਹਨ, ਮੈਂ ਇਨ੍ਹਾਂ ਸਾਰਿਆਂ ਬਾਰੇ ਹਾਊਸ ਦੇ ਵਿੱਚ ਗਰੰਟੀ ਲੈ ਸਕਦਾ ਹਾਂ ਕਿ माना की मेरी कमीज पर लाखों दाग हैं माना की मेरी कमीज पर लाखों दाग हैं पर खुदा का शुक्र है कोई धब्बा नहीं। (ਥੰਪਿੰਗ) ਸਪੀਕਰ ਸਾਹਿਬ, ਦਾਗਾਂ ਨੂੰ ਸਾਬਣ ਧੌਂਦੀ ਹੈ, ਧੱਬਿਆਂ ਨੂੰ ਸਦੀਆਂ ਧੌਂਦੀਆਂ ਹਨ, ਸਦੀਆਂ। ਗੁਰਭਜਨ ਗਿੱਲ ਜੀ ਦਾ ਸ਼ੇਅਰ ਹੈ।

5.00 ਬ.ਕ/ਅ.ਗੌ

ਆਪਣੀ ਜਾਚੇ ਤਾਂ ਦਰਿਆ ਵੱਡੇ ਘਰ ਜਾਂਦਾ ਹੈ ਪਰ ਸਮੁੰਦਰ ਵਿੱਚ ਜਾ ਕੇ ਉਹ ਮਰ ਜਾਂਦਾ ਹੈ।

ਦਰਿਆ ਨੂੰ ਲਗਦਾ ਹੈ ਕਿ ਮੈਂ ਵੱਡੇ ਘਰ ਚੱਲਿਆ ਹਾਂ ਪਰ ਜਦੋਂ ਸਮੁੰਦਰ ਵਿੱਚ ਵੜਦਾ ਹੈ ਤਾਂ ਉਸ ਦੀ ਆਪਣੀ ਹਸਤੀ ਖਤਮ ਹੋ ਜਾਂਦੀ ਹੈ। ਪਤਾ ਹੀ ਨਹੀਂ ਲਗਦਾ ਕਿ ਉਥੇ ਕੌਣ ਹੈ ਕਿਉਂਕਿ ਸਮੁੰਦਰ ਇੰਨਾ ਵੱਡਾ ਹੈ ਅਤੇ ਉਸ ਅੱਗੇ ਸਭ ਖ਼ਤਮ।

ਆਪਣੀ ਜਾਚੇ ਤਾਂ ਦਰਿਆ ਵੱਡੇ ਘਰ ਜਾਂਦਾ ਹੈ ਪਰ ਸਮੁੰਦਰ ਵਿੱਚ ਜਾ ਕੇ ਉਹ ਮਰ ਜਾਂਦਾ ਹੈ।
ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸ਼ਰਮਾਂ ਦਾ ਤਾਂ ਨੀਵੀਂ ਪਾ ਕੇ ਵੀ ਸਰ ਜਾਂਦਾ ਹੈ।

*(ਥੰਪਿੰਗ)*

ਇਨ੍ਹਾਂ ਦਾ ਸਰ ਹੀ ਗਿਆ, ਨੀਵੀਂ ਪਾ ਕੇ ਚਲੇ ਜਾਂਦੇ ਹਨ। ਉਨ੍ਹਾਂ ਦਾ ਤਾਂ ਪ੍ਰਧਾਨ ਵੀ ਨਹੀਂ ਆਉਂਦਾ ਕਿ ਇਨ੍ਹਾਂ ਦੇ ਦਾਗ ਲਾਓ, ਇਨ੍ਹਾਂ ਦੇ ਰੰਗ ਲਾਓ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਹ ਵਿਸ਼ਵਾਸ ਦਾ ਮਤਾ ਇਸ ਕਰਕੇ ਲਿਆਉਣਾ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਨੇ ਲੋਕਾਂ ਨੂੰ ਕੁਝ ਹੋਰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ। ਲੋਕਾਂ ਦਾ ਵਿਸ਼ਵਾਸ ਹੀ ਤਾਂ ਅਸੀਂ ਜਿੱਤਿਆ ਹੈ, ਹੋਰ ਸਾਡੇ ਕੋਲ ਕੀ ਹੈ? ਅਸੀਂ ਵਿਸ਼ਵਾਸ ਹੀ ਤਾਂ ਜਿੱਤਿਆ ਹੈ ਅਤੇ ਲੋਕਾਂ ਨੇ ਸਾਡੇ ਤੇ ਵਿਸ਼ਵਾਸ ਹੀ ਤਾਂ ਕੀਤਾ ਹੈ। ਨਾ ਅਸੀਂ ਕੋਈ ਪੈਸਾ ਵੰਡਿਆ, ਨਾ ਹੀ muscle power ਵਰਤੀ, ਨਾ ਕੋਈ ਗੁੰਡਾ-ਗਰਦੀ ਕੀਤੀ ਹੈ। ਇਸ ਵਿਸ਼ਵਾਸ ਮੱਤ ਰਾਹੀਂ ਅੱਜ ਪਤਾ ਲੱਗ ਜਾਵੇਗਾ ਕਿ ਇਹ ਸਰਕਾਰ ਕਿੰਨੇ ਵਿਸ਼ਵਾਸ ਮਤਾਂ ਨਾਲ ਚੱਲ ਰਹੀ ਹੈ। ਇਨ੍ਹਾਂ ਨੂੰ ਕੋਈ ਗਲਤ ਫਹਿਮੀ ਨਾ ਰਹੇ, ਇਸ ਕਰਕੇ ਇਹ ਵਿਸ਼ਵਾਸ ਦਾ ਮਤਾ ਲਿਆਉਣਾ ਪੈ ਗਿਆ।

ਸਪੀਕਰ ਸਾਹਿਬ, ਤੁਸੀਂ ਸਾਡੇ ਨਵੇਂ ਐਮ.ਐਲ.ਏਜ਼ ਨੂੰ ਟਾਈਮ ਦਿੱਤਾ ਹੈ ਪਰ ਇਨ੍ਹਾਂ ਨੂੰ ਹੋਰ ਵੀ ਵੱਧ ਟਾਈਮ ਦੇ ਦਿਆ ਕਰੋ ਕਿਉਂਕਿ ਇਹ ਨਵੇਂ ਹਨ ਅਤੇ ਕਈ ਵਾਰ ਲਿਖ ਕੇ ਵੀ ਲਿਆਉਂਦੇ ਹਨ, ਵੱਧ ਲਿਖ ਲਿਆਉਂਦੇ ਹਨ। ਮੈਂ ਵੀ ਜਦੋਂ ਲੋਕ ਸਭਾ ਵਿੱਚ ਹੁੰਦਾ ਸੀ, ਮੈਂ 40 ਸਕਿੰਟ ਜਾਂ 30 ਸਕਿੰਟ ਵੀ ਮੰਗ ਕੇ ਲਏ ਹਨ ਕਿ 30 ਸਕਿੰਟ ਹੀ ਦੇ ਦਿਓ ਤਾਂ ਕਿ ਹਾਜ਼ਰੀ ਲੱਗ ਜਾਵੇ। ਹਾਜ਼ਰੀ 30 ਸਕਿੰਟ ਵਿੱਚ ਵੀ ਲੱਗ ਸਕਦੀ ਹੈ। ਅੱਜ ਕਲ੍ਹ ਡਿਜ਼ੀਟਲ ਜ਼ਮਾਨਾ ਹੈ, ਸਾਰਾ ਜ਼ਮਾਨਾ ਲਾਈਵ ਦੇਖ ਰਿਹਾ ਹੈ। ਮੈਂ ਵਿਰੋਧੀ ਧਿਰ (ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਐਸ.ਪੀ ਬੈਂਚਿਜ਼ ਵੱਲ ਇਸ਼ਾਰਾ) ਦਾ ਧੰਨਵਾਦ ਕਰਦਾ ਹਾਂ ਜੋ ਇੱਥੇ ਮੌਜੂਦ ਹਨ। ਵਿਚਾਰਕ ਮੱਤਭੇਦ ਹੋਣੇ ਚਾਹੀਦੇ ਹਨ, ਮਨ ਦਾ ਮੱਤਭੇਦ ਨਹੀਂ ਹੋਣਾ ਚਾਹੀਦਾ। ਤੁਸੀਂ ਆਪਣੀ ਪਾਰਟੀ ਮੁਤਾਬਿਕ ਜਾਂ ਜੋ ਵੀ ਤੁਹਾਡਾ ਵਿਪ੍ਹ ਹੋਇਆ ਹੈ, ਤੁਹਾਡੀ ਸੋਚ ਮੁਤਾਬਿਕ ਆਪਣਾ ਮੱਤ ਦੇ ਸਕਦੇ ਹੋ। ਸਹਿਮਤ ਹੋ ਸਕਦੇ ਹੋ ਜਾਂ ਸਹਿਮਤ ਨਹੀਂ ਵੀ ਹੋ ਸਕਦੇ। ਜਿੱਧਰ ਬਹੁਮਤ ਹੁੰਦਾ ਹੈ, ਲੋਕਤੰਤਰ ਵੀ ਉੱਧਰ ਜਾਂਦਾ ਹੈ ਪਰ ਲੋਕਤੰਤਰ ਨੂੰ ਕੋਈ ਖਰੀਦਣ ਦੀ ਕੋਸ਼ਿਸ਼ ਕਰੇਗਾ, ਲੋਕਤੰਤਰ ਨੂੰ ਕੋਈ ਪੈਸੇ ਨਾਲ ਜਿੱਤਣ ਦੀ ਕੋਸ਼ਿਸ਼ ਕਰੇਗਾ ਤਾਂ ਮੈਨੂੰ ਨਹੀਂ ਲਗਦਾ ਕਿ ਸਾਡੇ ਦੇਸ਼ ਦਾ ਲੋਕਤੰਤਰ ਇੰਨਾ ਕਮਜ਼ੋਰ ਹੈ ਕਿ ਇਨ੍ਹਾਂ ਦੇ ਪੈਸਿਆਂ ਨਾਲ ਜਾਂ ਜਿਹੜੀਆਂ ਇਹ ਰੰਦੀਆਂ-ਹਥੌੜੀਆਂ ਚੁੱਕੀ ਫਿਰਦੇ ਹਨ, ਇਨ੍ਹਾਂ ਨਾਲ ਲੋਕਤੰਤਰ ਨੂੰ ਆਂਚ ਆਵੇਗੀ।

ਵੈਸੇ ਤਾਂ ਅਸੀਂ ਵਾਅਦਾ ਨਹੀਂ ਕਰਦੇ ਪਰ ਮੈਂ ਇਕ ਵਾਅਦਾ ਕੀਤਾ ਸੀ। ਜੇਕਰ ਮੈਂ ਸਰਕਾਰ ਦੇ ਕੰਮਾਂ ਨੂੰ ਗਿਣਾਵਾਂ ਤਾਂ ਬਹੁਤ ਜ਼ਿਆਦਾ ਹਨ। ਬਿਜਲੀ ਦੇ 50 ਲੱਖ ਬਿਲਾਂ ਦਾ ਮੇਰਾ ਕੋਲ ਅੰਕੜਾ ਆਇਆ ਹੈ, ਜਿਨ੍ਹਾਂ ਨੂੰ ਜ਼ੀਰੋ ਬਿਲ ਆਉਣ ਲੱਗ ਗਿਆ ਹੈ। 50 ਲੱਖ ਬੰਦਿਆਂ ਨੂੰ ਜ਼ੀਰੋ ਬਿਲ ਆਉਣ ਲੱਗ ਗਿਆ ਹੈ।(ਥੰਪਿੰਗ) ਆਉਣ ਵਾਲੇ ਸਮੇਂ ਵਿੱਚ ਸਾਡੀਆਂ ਹੋਰ ਵੀ ਬਹੁਤ ਵੱਡੀਆਂ-ਵੱਡੀਆਂ ਯੋਜਨਾਵਾਂ ਆ ਰਹੀਆਂ ਹਨ। ਨੌਕਰੀਆਂ ਵੀ ਨਿਕਲ ਰਹੀਆਂ ਹਨ, ਕੱਚਿਆਂ ਨੂੰ ਪੱਕੇ ਵੀ ਕਰਾਂਗੇ, ਸਭ ਕੁਝ ਕਰਾਂਗੇ। ਗੰਨੇ ਦੀ ਮੈਂ ਗੱਲ ਕਰ ਰਿਹਾ ਹਾਂ। ਹਾਲੇ ਤੱਕ ਸਿਰਫ ਸਵਾ ਲੱਖ ਹੈਕਟੇਅਰ ਵਿੱਚ ਗੰਨਾ ਹੈ ਅਤੇ ਮਿੱਲਾਂ ਦੀ ਕੈਪੈਸਿਟੀ ਢਾਈ ਲੱਖ ਹੈਕਟੇਅਰ ਹੈ। ਜਿਹੜਾ ਗੰਨੇ ਦਾ ਉਤਪਾਦਕ ਹੈ, ਉਹ ਝੋਨੇ ਵੱਲ ਵਾਪਸ ਜਾਂਦਾ ਹੈ ਕਿ ਮੈਨੂੰ ਗੰਨੇ ਦੇ ਪੈਸੇ ਨਹੀਂ ਮਿਲਦੇ। ਇਹ ਗੱਲ ਬਿਲਕੁਲ ਸਹੀ ਹੈ। ਗੰਨਿਆਂ ਦੀਆਂ ਮਿੱਲਾਂ ਮੂਹਰੇ ਧਰਨੇ ਲਾਉਣੇ ਪੈਂਦੇ ਹਨ। ਅਸੀਂ ਵੀ ਵਿਰੋਧੀ ਪਾਰਟੀ ਵਿੱਚ ਹੁੰਦਿਆਂ ਹੋਇਆਂ ਉਨ੍ਹਾਂ ਨਾਲ ਖੜ੍ਹਦੇ ਰਹੇ ਹਾਂ ਪਰ ਅਸੀਂ ਸਰਕਾਰ ਵਲੋਂ ਸਾਰੇ ਪੈਸੇ ਚੁਕਤਾ ਕਰ ਦਿੱਤੇ ਹਨ। ਇੱਕ-ਦੋ ਮਿਲਾਂ ਦਾ ਰਹਿੰਦਾ ਹੈ ਜੋ ਕਿ ਪ੍ਰਾਈਵੇਟ ਹਨ ਅਤੇ ਉਹ ਬੰਦੇ ਲੰਦਨ ਭੱਜ ਗਏ ਹਨ। ਅਸੀਂ ਉਨ੍ਹਾਂ ਦੀਆਂ ਪ੍ਰਾਪਰਟੀਆਂ ਟੇਕ ਓਵਰ ਕਰ ਰਹੇ ਹਾਂ। ਮੈਂ ਅੱਜ ਇਹ ਐਲਾਨ ਕਰਦਾ ਹਾਂ ਕਿ ਜਿਹੜਾ ਗੰਨੇ ਦਾ ਭਾਅ 360/- ਰੁਪਏ ਕੁਇੰਟਲ ਹੈ, ਅਸੀਂ ਉਸ ਨੂੰ 380/- ਰੁਪਏ ਕੁਇੰਟਲ ਕਰਨ ਲੱਗੇ ਹਾਂ।(ਥੰਪਿੰਗ) ਗੰਨੇ ਦਾ ਭਾਅ 20/- ਰੁਪਏ ਕੁਇੰਟਲ ਵਧਾਉਣ ਲੱਗੇ ਹਾਂ। ਉਸ ਨਾਲ 200 ਕਰੋੜ ਰੁਪਏ ਦਾ ਪੰਜਾਬ ਦੇ ਖਜ਼ਾਨੇ ਵਿਚੋਂ ਵਾਧੂ ਖਰਚਾ ਹੋਵੇਗਾ। ਮੈਂ ਬੋਝ ਨਹੀਂ ਕਹਾਂਗਾ। ਆਮ ਤੌਰ

ਤੇ ਕਹਿੰਦੇ ਹਨ ਕਿ ਅਸੀਂ ਇਹ ਕਰ ਦਿੱਤਾ ਅਤੇ ਇਸ ਨਾਲ ਇੰਨਾ ਬੋਝ ਪਵੇਗਾ। ਬੋਝ ਕਿਉਂ ਜੀ? ਇਹ ਜਨਤਾ ਦਾ ਪੈਸਾ ਹੈ। ਬੋਝ ਕਿਸ ਤੇ ਪਵੇਗਾ? ਜਨਤਾ ਨੂੰ ਦਿਓ। ਸੋ, ਖਜ਼ਾਨੇ ਵਿਚੋਂ 200 ਕਰੋੜ ਰੁਪਏ ਦਾ ਖਰਚਾ ਹੋਵੇਗਾ। ਸਪੀਕਰ ਸਾਹਿਬ, ਉਹ ਅਸੀਂ ਇਨ੍ਹਾਂ ਵਿਚੋਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਹੀ ਕੱਢ ਲਵਾਂਗੇ ਕਿਉਂਕਿ ਇਨ੍ਹਾਂ ਵਿੱਚ ਹੀ ਪਿਆ ਹੈ।(ਹਾਸਾ) ਇੱਧਰੋਂ-ਉਧਰੋਂ ਕੱਢ ਕੇ ਲੋਕਾਂ ਨੂੰ ਦੇਵਾਂਗੇ।

ਮੈਂ ਅਖੀਰ ਵਿੱਚ ਇਹ ਕਹਿਣਾ ਚਾਹੁੰਦਾ ਹਾਂ, ਅਸੀਂ ਕਿਤਾਬਾਂ-ਕਾਪੀਆਂ ਨਾਲ ਲੈ ਕੇ ਆਉਂਦੇ ਹਾਂ। ਸਾਡੇ ਸਾਰੇ ਕਾਗਜ਼ ਭਾਵੇਂ ਤੁਸੀਂ ਦੇਖ ਲਓ ਕਿ ਸਾਡੇ ਕੋਲ ਕਿਹੜੇ ਕਿਹੜੇ ਹਨ। ਅਸੀਂ ਸ਼ਿਕਾਇਤਾਂ, ਮੰਗ ਪੱਤਰਾਂ ਸਬੰਧੀ ਆਪਣਾ ਹੋਮ ਵਰਕ ਕਰਕੇ ਆਉਂਦੇ ਹਾਂ। ਜਿਹੜਾ ਕੋਈ ਮੰਗ ਪੱਤਰ ਦੇਣਾ ਚਾਹੁੰਦਾ ਹੈ, ਮੈਂ ਆਪਣੀ ਗੱਡੀ ਖੜ੍ਹਾ ਕੇ ਵੀ ਮੰਗ ਪੱਤਰ ਲੈਂਦਾ ਹਾਂ ਅਤੇ ਉਸ ਦਾ ਸ਼ਾਮ ਤੱਕ ਜਾਂ ਅਗਲੇ ਦਿਨ ਤੱਕ ਜਵਾਬ ਵੀ ਜਾਂਦਾ ਹੈ

ਕਕ ਅਗ 3.10.2022 5.05

ਕਿ ਤੁਹਾਡੇ ਕਾਗਜ਼ਾਂ ਵਿੱਚ ਇਹ ਘਾਟ ਹੈ, ਇਹ ਪੂਰੀ ਕਰਕੇ ਕਾਗਜ਼ ਫੜਾਉ। ਕਿਉਂਕਿ ਸਰਕਾਰਾਂ ਦਾ ਕੰਮ ਇਹੀ ਹੁੰਦਾ ਹੈ ਕਿਉਂਕਿ ਜਿਨ੍ਹਾਂ ਨੇ ਕੋਈ ਹੋਮ ਵਰਕ ਨਹੀਂ ਕੀਤਾ, ਉਹ ਫਿਰ ਹੌਲੀ ਹੌਲੀ ਲੋਕਾਂ ਦੇ ਦਿਲਾਂ ਵਿੱਚੋਂ ਲਹਿ ਜਾਂਦੇ ਹਨ। ਉਹ ਲੋਕ ਬੇਹਿੰਮਤੇ ਹੁੰਦੇ ਹਨ, ਜਿਹੜੇ ਸ਼ਿਕਵੇ ਕਰਦੇ ਹਨ, ਜਿਵੇਂ ਹੁਣ ਇਹ ਸਾਹਮਣੇ ਵਾਲੇ ਕਰੀ ਜਾਂਦੇ ਹਨ। ਇੱਕ ਕਹਾਵਤ ਹੈ:

ਬੇਹਿੰਮਤੇ ਹੁੰਦੇ ਨੇ ਉਹ, ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ
ਉਗਣ ਵਾਲੇ ਉੁੰਗ ਪੈਂਦੇ ਨੇ, ਸੀਨਾ ਪਾੜ ਕੇ ਪੱਥਰਾਂ ਦਾ। (ਥੰਪਿੰਗ)

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ:

ਬੇਹਿੰਮਤੇ ਹੁੰਦੇ ਨੇ ਉਹ, ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ
ਉਗਣ ਵਾਲੇ ਉੱਗ ਪੈਂਦੇ ਨੇ, ਸੀਨਾ ਪਾੜ ਕੇ ਪੱਥਰਾਂ ਦਾ।
ਮੰਜ਼ਿਲ ਦੇ ਮੱਥੇ ’ਤੇ ਤਖਤੀ ਲਗਦੀ ਉਨ੍ਹਾਂ ਦੇ ਨਾਵਾਂ ਦੀ,
ਜਿਹੜੇ ਘਰੋਂ ਬਣਾ ਕੇ ਤੁਰਦੇ ਨੇ, ਨਕਸ਼ਾ ਆਪਣੇ ਸਫ਼ਰਾਂ ਦਾ।

(ਥੰਪਿੰਗ)

ਬਹੁਤ-ਬਹੁਤ ਧੰਨਵਾਦ ਜੀ। ਬਹੁਤ-ਬਹੁਤ ਮਿਹਰਬਾਨੀ । ਸਾਰੇ ਪੰਜਾਬੀਆਂ ਨੂੰ ਮੈਂ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਤੁਸੀਂ ਸਾਡੇ ਤੇ ਵਿਸ਼ਵਾਸ ਕੀਤਾ ਹੈ। ਅਸੀਂ ਤੁਹਾਡਾ ਵਿਸ਼ਵਾਸ ਨਹੀਂ ਤੋੜਨਾ। ਸਪੀਕਰ ਸਾਹਿਬ, ਜੇ ਤੁਸੀਂ ਇਸ ਵਿਸ਼ਵਾਸ ਦਾ ਕੋਈ ਟੈਸਟ ਲੈਣਾ ਹੈ, ਤੁਸੀਂ ਹਾਊਸ ਦੇ ਕਸਟੋਡੀਅਨ ਹੋ।

**ਮਾਨਯੋਗ ਸਪੀਕਰ :** Thank you, ਮੁੱਖ ਮੰਤਰੀ ਸਾਹਿਬ ।

ਹੁਣ ਮੈਂ ਵਿਸ਼ਵਾਸ ਪ੍ਰਸਤਾਵ ਨੂੰ ਸਦਨ ਦੀ ਵੋਟਿੰਗ ਲਈ ਪੇਸ਼ ਕਰਦਾ ਹਾਂ ।

(ਇਸ ਸਮੇਂ ਸਦਨ ਵਿੱਚ ਆਮ ਆਦਮੀ ਪਾਰਟੀ ਦੇ 91 ਮੈਂਬਰਜ਼ ਹਾਜ਼ਰ ਸਨ ਅਤੇ ਬਹੁਜਨ ਸਮਾਜ ਪਾਰਟੀ ਦੇ ਇੱਕ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਮੈਂਬਰ ਹਾਜ਼ਰ ਸਨ ਭਾਵ ਕੁੱਲ 93 ਮੈਂਬਰਜ਼ ਆਪਣੀਆਂ ਸੀਟਾਂ ਤੇ ਹਾਜ਼ਰ ਸਨ ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

"ਕਿ ਇਹ ਸਦਨ ਮੰਤਰੀ ਪ੍ਰੀਸ਼ਦ ਵਿੱਚ ਆਪਣਾ ਵਿਸ਼ਵਾਸ ਪ੍ਰਗਟਾਉਂਦਾ ਹੈ ।"

ਜਿਹੜੇ ਮਾਨਯੋਗ ਮੈਂਬਰ ਪ੍ਰਸਤਾਵ ਦੇ ਹੱਕ ਵਿੱਚ ਹਨ, ਉਹ 'ਹਾਂ' ਕਹਿਣ ।

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਅਤੇ ਹੱਥ ਖੜ੍ਹੇ ਕਰਨ ਤਾਂ ਕਿ ਗਿਣਤੀ ਹੋ ਸਕੇ ।

(ਇਸ ਸਮੇਂ ਸਦਨ ਵਿੱਚ ਹਾਜ਼ਰ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰਜ਼ ਨੇ ਆਪਣੇ ਹੱਥ ਖੜ੍ਹੇ ਕਰਕੇ ਸਹਿਮਤੀ ਪ੍ਰਗਟਾਈ ।

**ਮਾਨਯੋਗ ਸਪੀਕਰ :** ਸਕੱਤਰ ਗਿਣਤੀ ਕਰਵਾਉਣ ।

(ਇਸ ਸਮੇਂ ਗਿਣਤੀ ਕਰਵਾਈ ਗਈ ।)

**ਮਾਨਯੋਗ ਸਪੀਕਰ :** ਜਿਹੜੇ ਮਾਨਯੋਗ ਮੈਂਬਰ ਪ੍ਰਸਤਾਵ ਦੇ ਵਿਰੁੱਧ ਹਨ, ਉਹ 'ਨਾਂਹ' ਕਹਿਣ ਅਤੇ ਹੱਥ ਖੜ੍ਹੇ ਕਰਨ ਤਾਂ ਕਿ ਗਿਣਤੀ ਹੋ ਸਕੇ ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਵਿੱਚੋਂ ਕਿਸੇ ਨੇ ਵੀ ਹੱਥ ਖੜ੍ਹੇ ਨਹੀਂ ਕੀਤੇ ।)

**ਮਾਨਯੋਗ ਸਪੀਕਰ :** ਸਕੱਤਰ ਗਿਣਤੀ ਕਰਵਾਉਣ ।

(ਇਸ ਸਮੇਂ ਗਿਣਤੀ ਕਰਵਾਈ ਗਈ ।)

**ਮਾਨਯੋਗ ਸਪੀਕਰ :** 'ਹਾਂ' ਪੱਖ ਦੇ ਕਿੰਨੇ ਮੈਂਬਰਜ਼ ਹਨ ?

(ਇਸ ਸਮੇਂ ਸਕੱਤਰ ਜੀ ਵੱਲੋਂ ਗਿਣਤੀ ਕਰਵਾ ਕੇ ਚੇਅਰ ਨੂੰ ਦੱਸੀ ਗਈ ।)

**ਮਾਨਯੋਗ ਸਪੀਕਰ :** ਆਪੋਜ਼ੀਸ਼ਨ ਬੈਂਚਿਜ਼ ਤੇ ਇੱਕ ਮਾਨਯੋਗ ਮੈਂਬਰ ਬਹੁਜਨ ਸਮਾਜ ਪਾਰਟੀ ਤੋਂ ਅਤੇ ਇੱਕ ਮਾਨਯੋਗ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਹਨ । ਇਨ੍ਹਾਂ ਵੱਲੋਂ 'ਨਾਂਹ' ਨਹੀਂ ਆਈ ਹੈ । ਨਾਂਹ ਨਹੀਂ ਆਈ ਹੈ ।

**ਮਾਨਯੋਗ ਸਪੀਕਰ :** 91 ਮੈਂਬਰਜ਼ 'ਹਾਂ' ਪੱਖ ਦੇ ਹਨ (ਥੰਪਿੰਗ) ਅਤੇ 'ਨਾਂਹ' ਪੱਖ ਦੇ ਦੋ ਮੈਂਬਰ ਹਨ ।*

**ਪ੍ਰਸਤਾਵ xxx ਪ੍ਰਵਾਨ ਹੋਇਆ ।***

(ਜ਼ੋਰਦਾਰ ਥੰਪਿੰਗ)

**ਮਾਨਯੋਗ ਸਪੀਕਰ :** ਮੈਂ ਖਾਸ ਕਰਕੇ ਜਿਹੜੇ ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਮੈਂਬਰ ਬੈਠੇ ਹਨ, ਇਨ੍ਹਾਂ ਦੇ ਸਦਨ ਦੀ ਸਾਰੀ ਕਾਰਵਾਈ ਵਿੱਚ ਹਿੱਸਾ ਲਿਆ ਹੈ । ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹਾਂ । (ਥੰਪਿੰਗ) ਮੈਂ ਟਰੇਜ਼ਰੀ ਬੈਂਚਿਜ਼ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਸ਼ਾਂਤੀ ਪੂਰਵਕ ਕਾਰਵਾਈ ਵਿੱਚ ਹਿੱਸਾ ਲਿਆ ਹੈ । ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ, ਜ਼ੀਰੋ ਆਵਰ ਦੇ ਸਬੰਧ ਵਿੱਚ ਅਗਰ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ਤਾਂ ਕਹਿ ਸਕਦੇ ਹੋ ।

03.10.2022/5.10/ਹਰਪ੍ਰੀਤ ਸਿੰਘ/ਰਜਨੀਸ਼ ਕੁਮਾਰ

## MATTERS RAISED DURING ZERO HOUR (RESUMPTION)

**ਸਰਦਾਰ ਮਨਪ੍ਰੀਤ ਸਿੰਘ ਇਯਾਲੀ (ਦਾਖਾ):** ਧੰਨਵਾਦ, ਸਪੀਕਰ ਸਾਹਿਬ, ਤੁਸੀਂ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ। ਮੈਂ ਪਿਛਲੇ ਸੈਸ਼ਨ ਵਿਚ ਵੀ ਇਕ ਮੰਗ ਰੱਖੀ ਸੀ, ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ ਬਾਰੇ। ਹੁਣ 16 ਨਵੰਬਰ ਨੂੰ ਸਰਾਭਾ ਜੀ ਦੀ ਬਰਸੀ ਆ ਰਹੀ ਹੈ। ਉਥੇ ਸੜਕ ਦੀ ਬਹੁਤ ਮਾੜੀ ਹਾਲਤ ਹੈ। ਥੋਹੜੇ ਦਿਨਾਂ ਵਿਚ ਲੋਕ ਉਥੇ ਧਰਨਾ ਲਗਾਉਣ ਦੀ ਤਿਆਰੀ ਕਰ ਰਹੇ ਹਾਂ। ਸਰਕਾਰ ਵੱਲੋਂ ਉਸ ਸੜਕ ਦੀ ਰਿਪੇਅਰ ਵਾਸਤੇ ਕਿਹਾ ਵੀ ਗਿਆ ਸੀ ਪਰ ਕੰਮ ਸ਼ੁਰੂ ਨਹੀਂ ਹੋਇਆ। ਸੋ, ਪਹਿਲ ਦੇ ਅਧਾਰ ਤੇ ਸ਼ਹੀਦ ਦੇ ਨਗਰ ਨੂੰ ਜਾਣ ਵਾਲੀ ਸੜਕ ਦੀ ਰਿਪੇਅਰ ਕਰਵਾਈ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਮੰਗ ਕਰਦਾ ਹਾਂ। ਇਸ ਤੋਂ ਬਿਨ੍ਹਾਂ ਵੀ ਜਿਹੜੀਆਂ ਸੜਕਾਂ ਤੇ ਪੱਥਰ ਪੈ ਚੁੱਕੇ ਹਨ ਪਰ ਤਕਰੀਬਨ ਛੇ ਮਹੀਨੇ ਦਾ ਸਮਾਂ ਹੋ ਗਿਆ ਹੈ, ਉਥੇ ਸ਼ਾਇਦ ਰੇਟ ਰਿਵਾਈਜ਼ ਹੋਣ ਵਾਲੇ ਹਨ, ਜਿਸ ਕਰਕੇ ਕੰਮ ਰੁਕਿਆ ਪਿਆ ਹੈ। ਉਥੇ ਪੱਥਰ ਗੱਡੀਆਂ ਦੇ ਟਾਈਰਾਂ ਵਿਚ ਵੱਜਦੇ ਹਨ, ਲੋਕਾਂ ਦੇ ਸਿਰਾਂ ਵਿਚ ਵੱਜਦੇ ਹਨ, ਸਕੂਟਰਾਂ ਕਾਰਾਂ ਦੇ ਕਈ ਐਕਸੀਡੈਂਟ ਵੀ ਹੋ ਚੁੱਕੇ ਹਨ। ਇਹ ਸਾਰੇ ਪੰਜਾਬ ਦਾ ਮਸਲਾ ਹੈ। ਸੋ, ਜਲਦੀ ਤੋਂ ਜਲਦੀ ਇਸ ਦਾ ਹੱਲ ਕੀਤਾ ਜਾਵੇ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ।

---

* As ordered by the Hon'ble Speaker on 13.10.2022 on the request and representation dated 3.10.2022 of Sardar Manpreet Singh Ayali and Dr. Nachhatar Pal , Hon'ble Members

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਧੰਨਵਾਦ ਜੀ।ਪੰਜਾਬ ਦੇ ਅੰਦਰ ਐਨ.ਓ.ਸੀ. ਕਰਕੇ ਰਜਿਸਟਰੀਆਂ ਹੋਣ ਵਿਚ ਦਿੱਕਤ ਆ ਰਹੀ ਹੈ। ਮੈਂ ਤੁਹਾਡੇ ਰਾਹੀਂ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਨੇ ਆਪਣੀ ਪ੍ਰਾਪਰਟੀ ਵੇਚ ਕੇ ਆਪਣੇ ਬੱਚੇ ਬਾਹਰ ਭੇਜਣੇ ਹਨ, ਉਨ੍ਹਾਂ ਨੂੰ ਰਜਿਸਟਰੀਆਂ ਵਿਚ ਬੜੀ ਦਿੱਕਤ ਆ ਰਹੀ ਹੈ। ਜਿਹੜੀਆਂ ਅਣਅਧਿਕਾਰਤ ਕਲੋਨੀਆਂ ਹਨ, ਉਨ੍ਹਾਂ ਵਿਚ ਪਿਛਲੀਆਂ ਸਰਕਾਰਾਂ ਨੇ ਕੰਮ ਵੀ ਕਰਵਾਏ ਹਨ ਪਰ ਐਨ.ਓ.ਸੀ. ਦੇ ਪ੍ਰੋਸੀਜ਼ਰ ਨੂੰ ਸਰਲ ਕਰਕੇ ਜਾਂ ਕੋਈ ਤਹਿਸੀਲ ਆਫਿਸ ਵਿਚ ਮੁਲਾਜ਼ਮ ਬਿਠਾ ਕੇ ਰਜਿਸਟਰੀਆਂ ਜਲਦੀ ਕਰਵਾਉਣ ਦਾ ਪ੍ਰਬੰਧ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਕ ਗੱਲ ਮੇਰੀ ਸਪੀਚ ਦੇ ਵਿਚ ਰਹਿ ਗਈ ਸੀ। ਮੈਂ ਸਾਰਿਆਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਅਤੇ ਕੇਂਦਰ ਸਰਕਾਰ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਬੜੇ ਚਿਰਾਂ ਦੀ ਲਟਕਦੀ ਹੋਈ ਮੰਗ ਸੀ, ਸਾਰੇ ਪੰਜਾਬੀਆਂ ਅਤੇ ਦੇਸ਼ ਦੀ ਮੰਗ ਸੀ ਕਿ ਮੋਹਾਲੀ ਦੇ ਏਅਰਪੋਰਟ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਰੱਖਿਆ ਗਿਆ ਹੈ, ਉਹ ਪੂਰੀ ਹੋ ਗਈ। ਮੈਂ ਇਸ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ। (ਥੰਪਿੰਗ) ਇਯਾਲੀ ਸਾਹਿਬ ਨੇ ਕਿਹਾ ਹੈ ਕਿ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੀ ਬਰਸੀ ਆ ਰਹੀ ਹੈ। ਮੈਂ ਉਨ੍ਹਾਂ ਦੇ ਪਰਿਵਾਰ ਨੂੰ ਮਿਲਦਾ ਰਹਿੰਦਾ ਹਾਂ, ਉਨ੍ਹਾਂ ਦੇ ਭੂਆ ਜੀ ਅਤੇ ਹੋਰ ਮੈਂਬਰਾਂ ਨੂੰ ਵੀ ਮਿਲਦਾ ਰਹਿੰਦਾ ਹਾਂ। ਉਹ ਸੜਕ ਜਲਦੀ ਹੀ ਠੀਕ ਹੋਵੇਗੀ ਅਤੇ ਨਾਲ ਹੀ ਮੇਰੀ ਇਸ ਗੱਲ ਦੀ ਵੀ ਕੋਸ਼ਿਸ਼ ਰਹੇਗੀ ਕਿ ਜਿਹੜਾ ਹਲਵਾਰੇ ਦਾ ਏਅਰਪੋਰਟ ਹੈ, ਉਸ ਦਾ ਨਾਮ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਨਾਂ ਤੇ ਰੱਖਿਆ ਜਾਵੇ। (ਥੰਪਿੰਗ) ਕੋਸ਼ਿਸ਼ ਸ਼ੁਰੂ ਕਰਾਂਗੇ ਕਿਉਂਕਿ ਇਹ ਮੇਰੇ ਵੱਸ ਵਿਚ ਨਹੀਂ ਹੈ, ਕੇਂਦਰ ਸਰਕਾਰ ਦੇ ਹੱਥ ਹੈ। ਉਹ ਏਅਰਪੋਰਟ ਏਅਰਫੋਰਸ ਦਾ ਹੈ, ਜਦੋਂ ਹੀ ਉਸ ਨੂੰ ਸਿਵਲ ਕਰਨਗੇ ਜਾਂ ਆਨ ਕਾਲ ਕਰਨਗੇ ਤਾਂ ਮੇਰੀ ਆਪਣੀ ਦਿਲੀ ਤਮੰਨਾ ਹੈ ਕਿ ਜਿਨ੍ਹਾਂ ਯੋਧਿਆਂ ਨੇ ਸਾਨੂੰ ਇਹ ਮੁਲਕ ਲੈ ਕੇ ਦਿੱਤਾ ਹੈ, ਉਨ੍ਹਾਂ ਦੇ ਨਾਂ ਤੇ ਏਅਰਪੋਰਟ, ਯੂਨੀਵਰਸਿਟੀਆਂ, ਸੰਸਥਾਵਾਂ ਹੋਣੀਆਂ ਚਾਹੀਦੀਆਂ ਹਨ। ਬਾਕੀ ਪੰਜਾਬ ਗੁਰਾਂ ਦੇ ਨਾਂ ਤੇ ਵੱਸਦਾ ਹੈ। ਜੋ ਪਿਛਲੀਆਂ ਸਰਕਾਰਾਂ ਵੱਲੋਂ ਐਸ.ਆਈ.ਟੀਜ਼. ਬਣਾਈਆਂ ਗਈਆਂ ਹਨ, ਅਸੀਂ ਉਨ੍ਹਾਂ ਨੂੰ ਜਲਦੀ ਜਾਂਚ ਕਰਨ ਦੇ ਹੁਕਮ ਦੇ ਰਹੇ ਹਾਂ ਕਿਉਂਕਿ ਜੇਕਰ ਸਾਡਾ ਗੁਰੂ ਸਾਡੇ ਘਰ ਹੀ ਸੇਫ਼ ਨਹੀਂ, ਸੁਰੱਖਿਅਤ ਨਹੀਂ ਹੈ ਜਾਂ ਐਨੇ ਸਾਲਾਂ ਵਿਚ ਬੇਅਦਬੀ ਦੀ ਜਾਂਚ ਹੀ ਨਹੀਂ ਹੋ ਸਕਦੀ ਤਾਂ ਸਾਡੀ ਜ਼ਿੰਮੇਵਾਰੀ ਕੀ ਰਹਿ ਜਾਂਦੀ ਹੈ। ਖਾਸ ਤੌਰ ਤੇ ਕੋਟਕਪੁਰਾ, ਬਹਿਬਲ ਕਲਾਂ, ਬਰਗਾੜੀ ਵਾਲੇ ਕੇਸ ਵਿਚ ਅਸੀਂ ਅਫਸਰਾਂ ਦੀ ਡਿਊਟੀ ਲਗਾ ਕੇ ਇਸ ਦੀ ਜਾਂਚ ਜਲਦੀ ਕਰਾਵਾਂਗੇ। ਜੋ ਵੀ ਬੇਅਦਬੀ ਦੇ ਦੋਸ਼ੀ ਹਨ, ਉਹ ਭਾਵੇਂ ਕਿਸੇ ਵੀ ਅਹੁੱਦੇ ਤੇ ਰਹੇ ਹੋਣ ਜਾਂ ਰਸੂਖਦਾਰ ਹੋਣ ਪਰ ਕਾਨੂੰਨ ਸਾਰਿਆਂ ਲਈ ਇੱਕ ਹੋਣਾ ਚਾਹੀਦਾ ਹੈ। ਕਿਉਂਕਿ ਮਾਮਲਾ ਹਾਈਕੋਰਟ ਵਿਚ ਹੈ। ਅੱਜ ਏ.ਜੀ. ਸਾਹਿਬ ਵੀ ਸਦਨ ਵਿਚ ਪਹਿਲੀ ਵਾਰ ਆਏ ਹਨ। ਇਨ੍ਹਾਂ ਨੂੰ ਵੀ ਸਾਰਾ ਪਤਾ ਹੈ। ਅਸੀਂ ਕੋਸ਼ਿਸ਼ ਇਹੀ

ਕਰਾਂਗੇ ਕਿ ਚਾਹੇ ਕੋਈ ਮੁਲਾਜ਼ਮ ਪੱਕਾ ਕਰਨਾ ਹੈ ਜਾਂ ਬੇਅਦਬੀ ਵਰਗੇ ਸੰਗੀਨ ਜੁਰਮਾਂ ਬਾਰੇ ਕੋਈ ਫੈਸਲਾ ਲੈਣਾ ਹੈ ਤਾਂ ਉਸ ਵਿਚ ਕੋਈ ਕਾਨੂੰਨੀ ਅੜਚਣ ਨਾ ਪਵੇ ਕਿਉਂਕਿ ਸਰਕਾਰਾਂ ਇਨਸਾਫ ਕਰਨ ਵਾਸਤੇ ਹਨ। ਸੋ, ਮੇਰੇ ਤੋਂ ਜਿੰਨਾ ਵੱਧ ਤੋਂ ਵੱਧ ਹੋ ਸਕਦਾ ਸੀ, ਉਹ ਅਸੀਂ ਕਰ ਰਹੇ ਹਾਂ। ਮੈਂ ਸਾਰੇ ਐਮ.ਐਲ.ਏ. ਸਾਹਿਬਾਨ ਦਾ ਧੰਨਵਾਦ ਕਰਦਾ ਹਾਂ, ਮੰਤਰੀ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਹੈ। ਅਸੀਂ ਇਸੇ ਵਿਸ਼ਵਾਸ ਨਾਲ ਪੰਜਾਬ ਨੂੰ ਦੁਬਾਰਾ ਰੰਗਲਾ ਪੰਜਾਬ ਬਣਾ ਦਿਆਂਗੇ। (ਥੰਪਿੰਗ)

**ਮਾਨਯੋਗ ਸਪੀਕਰ:** ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ। ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

*5:14 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)